ਅਰਮਾਨ (ARMAAN)
(An International Multidisciplinary, Open Access Peer-Reviewed & Indexed Research Journal)
Vol. 3 | Issue 4 | Oct.-Dec. 2025

ISSN: 2583-9446 (O)
Paper Published Id: ARMN030401
Available online at: www.armaan.org.in
DOI: https://doi.org/10.64119/armaan.vol.3.issue4.01

# ਸੁਖਜੀਤ ਦਾ ਕਹਾਣੀ-ਸੰਗ੍ਰਹਿ 'ਮੈਂ ਅਯਨਘੋਸ਼ ਨਹੀਂ': ਮਨੋਵਿਸ਼ਲੇਸ਼ਣਾਤਮਕ ਅਧਿਐਨ

# Sukhjit Da Kahani-Sangreh 'Main Aynghosh Nahi': Manovishleshnatmak Adhiyan

**ਗੁਰਪ੍ਰੀਤ ਸਿੰਘ (Gurpreet Singh)**
**ਖੋਜਾਰਥੀ, ਪੰਜਾਬੀ ਵਿਭਾਗ (Research Scholar, Dept. of Punjabi)**
**ਦਿੱਲੀ ਯੂਨੀਵਰਸਿਟੀ, ਦਿੱਲੀ**
**Email ID: gurpreetsingh01459@gmail.com ਮੋਬਾਈਲ: +91-7814367548**

*ਸਾਰ (Abstract)*

*ਇਹ ਖੋਜ ਪੱਤਰ ਪੰਜਾਬੀ ਕਹਾਣੀਕਾਰ ਸੁਖਜੀਤ ਦੇ ਕਹਾਣੀ ਸੰਗ੍ਰਹਿ 'ਮੈਂ ਅਯਨਘੋਸ਼ ਨਹੀਂ' (2019) ਦੀਆਂ ਕਹਾਣੀਆਂ ਦੇ ਮਨੋਵਿਸ਼ਲੇਸ਼ਣਾਤਮਕ ਅਧਿਐਨ ਨੂੰ ਸਮਰਪਿਤ ਹੈ, ਜਿਸ ਨੂੰ 2022 ਵਿਚ ਭਾਰਤੀ ਸਾਹਿਤ ਅਕਾਦਮੀ ਪੁਰਸਕਾਰ ਮਿਲਿਆ ਹੈ। ਇਹ ਅਧਿਐਨ ਫ਼ਰਾਇਡ ਦੇ ਮਨੋਵਿਗਿਆਨਕ ਸਿਧਾਂਤਾਂ, ਜਿਵੇਂ ਕਿ ਅਚੇਤਨ ਮਨ (Unconscious), ਦਮਨ (Repression), ਇਦ-ਈਗੋ-ਸੁਪਰਈਗੋ ਦਾ ਢਾਂਚਾਗਤ ਮਾਡਲ, ਸਦਮਾ (Trauma), ਅੰਤਰ-ਪੀੜ੍ਹੀ ਸਦਮਾ (Intergenerational Trauma), ਆਦਿ ਨੂੰ ਆਧਾਰ ਬਣਾ ਕੇ ਪਾਤਰਾਂ ਦੇ ਗੁੰਝਲਦਾਰ ਮਨੋ-ਜਗਤ ਅਤੇ ਉਹਨਾਂ ਦੇ ਵਿਵਹਾਰ ਦੇ ਪਿੱਛੇ ਕਾਰਜਸ਼ੀਲ ਸ਼ਕਤੀਆਂ ਨੂੰ ਸਾਡੇ ਸਾਹਮਣੇ ਰੱਖਦਾ ਹੈ। ਪੱਤਰ ਵਿਚ ਵਿਸ਼ਲੇਸ਼ਣ ਕੀਤਾ ਗਿਆ ਹੈ ਕਿ ਕਿਵੇਂ ਕਹਾਣੀਆਂ ਦੇ ਪਾਤਰ ਆਪਣੀਆਂ ਦੱਬੀਆਂ ਹੋਈਆਂ ਇੱਛਾਵਾਂ, ਅਚੇਤ ਡਰਾਂ ਅਤੇ ਸਮਾਜਿਕ-ਸਭਿਆਚਾਰਕ ਦਬਾਵਾਂ ਕਾਰਨ ਅੰਦਰੂਨੀ ਟਕਰਾਅ ਦਾ ਸ਼ਿਕਾਰ ਹੁੰਦੇ ਹਨ। ਅਧਿਐਨ ਦਰਸਾਉਂਦਾ ਹੈ ਕਿ ਕਹਾਣੀਆਂ ਦੇ ਕੇਂਦਰ ਵਿਚ ਵਿਅਕਤੀ ਦੇ ਅੰਦਰੂਨੀ ਟਕਰਾਅ ਅਤੇ ਬਾਹਰੀ ਯਥਾਰਥ ਦਾ ਤਣਾਅ ਹੈ, ਜੋ ਲੋਕਧਾਰਾ, ਇਤਿਹਾਸ ਤੇ ਆਧੁਨਿਕ ਸਮਾਜਿਕ ਸੂਤਰਾਂ ਨਾਲ ਗੜੁਚ ਮਨੋ-ਗੁੰਝਲਾਂ ਰਾਹੀਂ ਪ੍ਰਗਟ ਹੁੰਦਾ ਹੈ। ਇਹ ਕਹਾਣੀਆਂ ਰਵਾਇਤੀ ਧਾਰਨਾਵਾਂ ਨੂੰ ਚੁਣੌਤੀ ਦਿੰਦੀਆਂ ਹਨ ਅਤੇ ਪਾਤਰਾਂ ਦੇ ਅਚੇਤਨ ਡਰਾਂ, ਇੱਛਾਵਾਂ ਅਤੇ ਮਨੋਗ੍ਰੰਥੀਆਂ ਨੂੰ ਉਜਾਗਰ ਕਰਦੀਆਂ ਹਨ। ਅੰਤ ਨਿਸ਼ਕਰਸ਼ ਇਹ ਨਿਕਲਦਾ ਹੈ ਕਿ ਸੁਖਜੀਤ ਦੀਆਂ ਕਹਾਣੀਆਂ ਸਿਰਫ਼ ਵਿਅਕਤੀਗਤ ਮਨੋਵਿਗਿਆਨ ਦੀ ਅਸਲੀਅਤ ਹੀ ਪੇਸ਼ ਨਹੀਂ ਕਰਦੀਆਂ, ਸਗੋਂ ਉਹ ਆਪਣੇ ਸਮੇਂ ਦੇ ਬਦਲਦੇ ਪੰਜਾਬੀ ਸਮਾਜ, ਪਰਿਵਾਰਕ ਤਣਾਅ, ਸਭਿਆਚਾਰਕ ਸੱਟਾਂ ਅਤੇ ਔਰਤ-ਮਰਦ ਸੰਵਾਦ ਨੂੰ ਗਹਿਰਾਈ ਨਾਲ ਵਿਅੰਗ-ਪੂਰਵਕ ਪੇਸ਼ ਕਰਦੀਆਂ ਹਨ। ਇਹਨਾਂ ਕਹਾਣੀਆਂ ਦਾ ਮਨੋਵਿਸ਼ਲੇਸ਼ਣ ਪੰਜਾਬੀ ਸਵੈ ਅਤੇ ਸਮੂਹਕ-ਚੇਤਨਾ ਨੂੰ ਵੀ ਮਨੋਵਿਸ਼ਲੇਸ਼ਣਾਤਮਕ ਲੈਂਸ ਨਾਲ ਵੇਖਣ ਦੀ ਮਿਸਾਲ ਪੇਸ਼ ਕਰਦਾ ਹੈ।*

***ਕੀਵਰਡ (Keyword):*** *ਸੁਖਜੀਤ, ਕਹਾਣੀ, ਬਿਰਤਾਂਤ, ਮਨ, ਅਚੇਤਨ, ਮਨੋਵਿਸ਼ਲੇਸ਼ਣ।*

ਸੁਖਜੀਤ ਅਜੋਕੀ ਪੰਜਾਬੀ ਕਹਾਣੀ ਦੀ ਮੂਹਰਲੀ ਕਤਾਰ ਦੇ ਚਰਚਿਤ ਕਹਾਣੀਕਾਰਾਂ ਵਿਚੋਂ ਇਕ ਸੀ। ਪੰਜਾਬੀ ਕਹਾਣੀ ਵਿਚ ਉਹ ਆਪਣੇ ਪਹਿਲੇ ਕਹਾਣੀ ਸੰਗ੍ਰਹਿ ਅੰਤਰਾ (1997) ਨਾਲ ਦਾਖਲ ਹੁੰਦਾ ਹੈ। ਵਿਅਕਤੀਗਤ ਤੇ ਸਮੂਹਕ ਸਰੋਕਾਰਾਂ ਨਾਲ ਓਤ-ਪੋਤ ਇਸ ਸੰਗ੍ਰਹਿ ਦੀਆਂ ਕਹਾਣੀਆਂ ਆਂਤਰਿਕ ਤੇ ਬਾਹਰੀ ਯਥਾਰਥ ਵਿਚ ਇਕ ਸੰਤੁਲਨ ਸਿਰਜਦੀਆਂ ਹੋਈਆਂ, ਇਹਨਾਂ ਦੋਨਾਂ ਦੀ ਹੋਂਦ ਨੂੰ ਇਕ ਦੂਸਰੇ ਤੋਂ ਵੱਖ ਕਰਕੇ ਨਹੀਂ ਬਲਕਿ ਪਰਸਪਰ ਰੂਪ ਵਿਚ ਅੰਤਰ-ਸੰਬੰਧਿਤ ਤੇ ਇਕ-ਦੂਜੇ ਦੇ ਪੂਰਕ ਵਜੋਂ ਪੇਸ਼ ਕਰਦੀਆਂ ਹਨ। ਉਸਦਾ ਦੂਸਰਾ ਕਹਾਣੀ ਸੰਗ੍ਰਹਿ ਹੁਣ ਮੈਂ ਰੇਪ ਇੰਜੁਆਏ ਕਰਦੀ ਆਂ (2008) ਪ੍ਰਕਾਸ਼ਿਤ ਹੋਣ ਤੋਂ ਪਹਿਲਾਂ ਹੀ ਚਰਚਾ ਛੇੜ ਚੁੱਕਾ ਸੀ। ਲਗਭਗ ਪਿਛਲੇ ਕਹਾਣੀ ਸੰਗ੍ਰਹਿਆਂ ਵਿਚਲੇ ਵਕਫ਼ੇ ਜਿੰਨੇ ਸਮੇਂ ਬਾਅਦ ਹੀ ਉਸਦਾ ਤੀਸਰਾ ਕਹਾਣੀ ਸੰਗ੍ਰਹਿ ਮੈਂ ਅਯਨਘੋਸ਼ ਨਹੀਂ (2019) ਪ੍ਰਕਾਸ਼ਿਤ ਹੋਇਆ। ਇਸ ਸੰਗ੍ਰਹਿ ਵਿਚ ਕੁੱਲ ਛੇ ਕਹਾਣੀਆਂ ਹਨ। ਇਹਨਾਂ ਕਹਾਣੀਆਂ ਦੇ ਵਿਸ਼ੇ ਰਵਾਇਤੀ ਧਾਰਨਾਵਾਂ ਨੂੰ ਨਵੇਂ ਸਿਰੇ ਤੋਂ ਪੇਸ਼ ਕਰਦੇ ਹਨ। ਕਹਾਣੀਆਂ ਦੀ ਸ਼ਕਤੀ ਨਿਵੇਕਲੇ, ਵਿਸ਼ਵ-ਵਿਆਪੀ ਅਤੇ ਭਖਵੇਂ ਮੁੱਦਿਆਂ ਨੂੰ ਵਿਸ਼ਾ ਬਣਾਉਣ ਵਿਚ ਤਾਂ ਹੈ ਹੀ ਪਰ ਇਸ ਤੋਂ ਵੀ ਵੱਧ ਸਥਿਤੀ-ਵਿਸ਼ੇਸ਼ ਅਨੁਸਾਰ ਪਾਤਰ ਉਸਾਰੀ, ਉਤਸੁਕਤਾ ਪੈਦਾ ਕਰਨ ਅਤੇ ਪ੍ਰਤੀਕਮਈ ਤੇ ਪ੍ਰਕਾਰਜੀ ਗਲਪੀ-ਭਾਸ਼ਾ ਸਿਰਜਣ ਦੀ ਯੋਗਤਾ ਵਿਚ ਵੀ ਹੈ। ਸੁਖਜੀਤ ਆਪਣੀਆਂ ਕਹਾਣੀਆਂ ਨਾਲ ਲੋਕਧਾਰਾ, ਇਤਿਹਾਸ, ਮਿਥਿਹਾਸ ਅਤੇ ਪ੍ਰਕਿਰਤੀ ਵਿਚ ਫੈਲਦਾ ਹੈ ਜੋ ਉਸਨੂੰ ਇਕ ਵਿਲੱਖਣ ਤੇ ਗੰਭੀਰ ਲੇਖਕ ਬਣਾਉਂਦੀ ਹੈ। ਹੋਂਦ ਤੇ ਹੋਣੀ ਨਾਲ ਜੁੜੇ ਵੱਡੇ ਮੁੱਦਿਆਂ ਦਾ ਬੋਧ ਕਰਵਾਉਂਦੇ ਇਸ ਕਹਾਣੀ ਸੰਗ੍ਰਹਿ ਨੂੰ 2022 ਵਿਚ ਭਾਰਤੀ ਸਾਹਿਤ ਅਕਾਦਮੀ ਦਿੱਲੀ ਵੱਲੋਂ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਸੁਖਜੀਤ ਦੇ ਇਸ ਕਹਾਣੀ ਸੰਗ੍ਰਹਿ ਦੀਆਂ ਕਹਾਣੀਆਂ ਦੇ ਪਾਤਰਾਂ ਦੇ ਵਿਅਕਤਿਤਵ ਪਿੱਛੇ ਕਿਹੜੇ-ਕਿਹੜੇ ਨਿਰਧਾਰਕ ਕਾਰਜਸ਼ੀਲ ਹਨ, ਸਥਾਪਤ ਕੀਤੀਆਂ ਵਿਅਕਤਿਤਵ ਦੀਆਂ ਨਿਰਧਾਰਕ ਸਥਾਪਨਾਵਾਂ ਦੇ ਆਧਾਰ ਉੱਤੇ ਅਸੀਂ ਉਹਨਾਂ ਦਾ ਮਨੋਵਿਸ਼ਲੇਸ਼ਣਾਤਮਕ ਅਧਿਐਨ ਪੇਸ਼ ਕਰਾਂਗੇ।

ਮਨੁੱਖ ਦਾ ਬਾਕੀ ਪ੍ਰਾਣੀਆਂ ਨਾਲੋਂ ਵੱਡਾ ਅੰਤਰ ਉਸ ਦਾ ਸਮਾਜਿਕ ਪ੍ਰਾਣੀ ਹੋਣਾ ਹੈ। ਉਹ ਬੁੱਧ-ਵਿਵੇਕ ਦਾ ਸੁਆਮੀ ਹੈ ਇਸ ਕਰਕੇ ਉਹ ਸਮਾਜ ਦੀ ਸਭਿਅਤਾ ਦੇ ਵਿਕਾਸ ਲਈ ਆਪਣੇ ਪ੍ਰਕਿਰਤਿਕ ਕਾਰਜਾਂ ਨੂੰ ਇਕ ਵਿਸ਼ੇਸ਼ ਸੰਦਰਭ ਵਿਚ ਵਿਉਂਤਦਾ ਹੈ। ਉਹ ਸੁਚੇਤ ਤੌਰ 'ਤੇ ਨਵੀਂ ਸੁਚੱਜੀ ਸੰਸਕ੍ਰਿਤੀ ਦੀ ਸਿਰਜਣਾ ਵੱਲ ਕਾਰਜਸ਼ੀਲ ਰਹਿੰਦਾ ਹੈ ਜਿਸ ਤਹਿਤ ਉਹ ਸਮਾਜ ਨੂੰ ਨਰੋਆ ਤੇ ਨਿਯਮਤ ਰੱਖਣ ਲਈ ਸਦਾਚਾਰਕ ਨੈਤਿਕ ਕੀਮਤਾਂ ਦੀ ਸਥਾਪਨਾ ਕਰਦਾ ਹੈ। ਇਸੇ ਕਰਕੇ ਸਾਡੇ ਸਮਾਜ ਦਾ ਪਸ਼ੂ ਸਮਾਜ ਦੀ ਅਰਾਜਕਤਾ ਵਾਲੇ ਜੀਵਨ ਨਾਲੋਂ ਅੰਤਰ ਸਥਾਪਿਤ

©ਅਰਮਾਨ (ARMAAN)
Received: 16 Oct. 2025 Accepted: 30 Nov. 2025 Published: 05 Dec. 2025

ਹੁੰਦਾ ਹੈ। ਆਪਣੀ ਸਿਰਜਣਾਤਮਕ ਬੁੱਧੀ ਸਦਕਾ ਹੀ ਮਨੁੱਖ ਪ੍ਰਕਿਰਤੀ ਦਾ ਸਵਾਮੀ ਕਹਾਉਂਦਾ ਹੈ, ਕਿਉਂਕਿ ਇਸ ਦੇ ਬਲਬੂਤੇ ਹੀ ਉਹ ਬਾਕੀ ਪ੍ਰਾਣੀਆਂ ਨਾਲੋਂ ਸ੍ਰੇਸ਼ਠ ਤੇ ਬਲਵਾਨ ਹੈ। ਪਰ ਵਿਅਕਤੀਗਤ ਰੂਪ ਵਿਚ ਮਨੁੱਖ ਦੀਆਂ ਮੂਲ ਕਾਮ ਪ੍ਰਵਿਰਤੀਆਂ (Id-Urges) ਮੁੱਢ ਤੋਂ ਹੀ ਇਸ ਸਮਾਜਿਕ ਪ੍ਰਣਾਲੀ ਦੇ ਵਿਰੋਧ ’ਚ ਵਿਚਰਦੀਆਂ ਹਨ। ਫਲਸਰੂਪ ਆਪਣੇ ਆਪ ਨੂੰ ਸਭਿਅਕ-ਮਨੁੱਖ ਸਿੱਧ ਕਰਨ ਲਈ ਕਈ ਪ੍ਰਕਾਰ ਦੀਆਂ ਪ੍ਰਕਿਰਤਿਕ ਖ਼ਾਹਸ਼ਾਂ ਦਾ ਅਚੇਤ-ਸੁਚੇਤ ਅਚੇਤਨ ਵਿਚ ਦਮਨ ਕਰਨਾ ਪੈਂਦਾ ਹੈ। ਅਚੇਤਨ ਵਿਚ ਦਮਨ ਹੋਈਆਂ ਇਹ ਪ੍ਰਵਿਰਤੀਆਂ ਹੀ ਵਿਅਕਤੀ ਦੀਆਂ ਮਨੋ-ਗੁੰਝਲਾਂ ਦਾ ਰੂਪ ਧਾਰ ਕੇ, ਅਚੇਤ ਹੀ ਉਸ ਦੇ ਵਿਵਹਾਰ ਨੂੰ ਪ੍ਰਭਾਵਿਤ ਕਰਦੀਆਂ ਹਨ। ਇਸ ਤਰ੍ਹਾਂ ਮਨੁੱਖ ਦੀਆਂ ਮਨੋ-ਗੁੰਝਲਾਂ ਵਿਚ ਸਮਾਜਿਕ-ਵਰਜਣਾ (Taboo), ਸੰਸਕ੍ਰਿਤਿਕ, ਸਦਾਚਾਰਕ ਕੀਮਤਾਂ ਪ੍ਰਮੁੱਖ ਭੂਮਿਕਾ ਅਦਾ ਕਰਦੀਆਂ ਹਨ। ਯਥਾਸੰਭਵ ਉਸ ਦੇ ਕੌਮੀ ਤੇ ਧਾਰਮਿਕ ਜਜ਼ਬੇ, ਜੀਵਨ-ਸ਼ੈਲੀ, ਸਮਾਜਿਕ-ਰੁਤਬਾ, ਪ੍ਰਕਿਰਤਿਕ, ਸਰੀਰਕ ਤੇ ਮਾਨਸਿਕ ਹੀਣਤਾ, ਲਿੰਗ ਤੇ ਨਸਲ ਅਤੇ ਸਮਾਜਿਕ ਪਰਿਸਥਿਤੀਆਂ ਕਾਰਜਸ਼ੀਲ ਹੁੰਦੀਆਂ ਹਨ। ਇਸ ਆਧਾਰ ’ਤੇ ਇਹਨਾਂ ਕਹਾਣੀਆਂ ਵਿਚਲੇ ਮਨੁੱਖ ਦੀਆਂ ਮਨੋ-ਗੁੰਝਲਾਂ ਅਤੇ ਮਾਨਸਿਕ ਪ੍ਰਕਿਰਿਆਵਾਂ ਦੇ ਪ੍ਰਸੰਗ ਵਿਚ ਅਧਿਐਨ ਕਰਦੇ ਹਾਂ।

ਅਚੇਤਨ (Unconscious) ਮਨੋਵਿਸ਼ਲੇਸ਼ਣ ਸਿਧਾਂਤ ਵਿਚ ਇਕ ਕੇਂਦਰੀ ਧਾਰਨਾ ਹੈ ਜੋ ਮਨ ਦੇ ਉਸ ਹਿੱਸੇ ਨੂੰ ਦਰਸਾਉਂਦੀ ਹੈ ਜਿਸ ਵਿਚ ਚੇਤੰਨ ਜਾਗਰੂਕਤਾ ਤੋਂ ਬਾਹਰਲੇ ਵਿਚਾਰ, ਯਾਦਾਂ, ਇੱਛਾਵਾਂ ਅਤੇ ਭਾਵਨਾਵਾਂ ਸ਼ਾਮਲ ਹੁੰਦੀਆਂ ਹਨ ਪਰ ਇਹ ਵਿਵਹਾਰ ਅਤੇ ਭਾਵਨਾਵਾਂ ਨੂੰ ਮਹੱਤਵਪੂਰਨ ਰੂਪ ਵਿਚ ਪ੍ਰਭਾਵਿਤ ਕਰਦੀਆਂ ਹਨ।

> *“ਚੇਤਨਾ ਤੋਂ ਪਰੇ ਵੀ ਮਨ ਦੀ ਇਕ ਹੋਰ ਵਿਸ਼ਾਲ ਸਰਜ਼ਮੀਨ ਹੈ, ਜਿਥੋਂ ਸੁਪਨੇ ਜਨਮ ਲੈਂਦੇ ਹਨ, ਤੇ ਜਿਥੇ ਹਾਰੀਆਂ ਟੁੱਟੀਆਂ ਇਛਾਵਾਂ ਜਾ ਕੇ ਸੌਂ ਜਾਂਦੀਆਂ ਹਨ। ਮਨ ਦਾ ਇਹ ਹਨੇਰਾ ਜਗਤ, ਅਚੇਤਨ, ਹੈ।”* [1]

ਅਚੇਤਨ ਦਮਿਤ ਸਮਗਰੀ ਲਈ ਇਕ ਭੰਡਾਰ ਵਜੋਂ ਕੰਮ ਕਰਦਾ ਹੈ, ਜਿਵੇਂ ਕਿ ਅਣਸੁਲਝੇ ਸੰਘਰਸ਼, ਦੁਖਦਾਈ ਤਜਰਬੇ ਅਤੇ ਸਹਿਜ ਪ੍ਰਵਿਰਤੀਆਂ, ਜੋ ਅਕਸਰ ਆਪਣੇ ਦੁਖਦਾਈ ਜਾਂ ਸਮਾਜਿਕ ਤੌਰ ’ਤੇ ਅਸਵੀਕਾਰਨ ਯੋਗ ਸੁਭਾਅ ਦੇ ਕਾਰਨ ਚੇਤੰਨ ਮਨ ਦੀ ਪਹੁੰਚ ਤੋਂ ਬਾਹਰ ਹੁੰਦੇ ਹਨ।

> *“ਅਚੇਤਨ ਮਨ ਦੀ ਸਮੱਗਰੀ ਦੋ ਸੋਮਿਆਂ ਤੋਂ ਉਪਜਦੀ ਹੈ, ਇਕ ਹਿੱਸੇ ਵਿਚ ਪੁਰਾਣੇ ਆਨੰਦ ਭਰਪੂਰ ਅਤੇ ਕੁਝ ਕੁ ਵਹਿਸ਼ਿਆਨਾ ਵਿਚਾਰ ਅਤੇ ਬਿਰਤੀਆਂ ਸ਼ਾਮਲ ਹੁੰਦੇ ਹਨ ਜਿਹੜੇ ਕਦੇ ਵੀ ਸੁਚੇਤ ਨਹੀਂ ਹੋਏ ਹੁੰਦੇ। ਇਹ ਵਿਅਕਤੀ ਦੀ ਵਿਰਾਸਤ ਦਾ ਇਕ ਭਾਗ ਹੁੰਦੇ ਹਨ। ਦੂਜੇ ਸੋਮੇ ਵਿਚ ਉਹ ਵਿਚਾਰ ਯਾਦਾਂ ਅਤੇ ਖ਼ਾਹਿਸ਼ਾਂ ਹੁੰਦੀਆਂ ਹਨ, ਜਿਹੜੀਆਂ ਕਿਸੇ ਸਮੇਂ ਸੁਚੇਤ ਸਨ ਪਰ ਹੁਣ ਉਹ ਮਨ ਦੇ ਪਿਛਲੇ ਹਿੱਸੇ ਵਿਚ ਦੱਬੀਆਂ ਤੇ ਪਿੱਛੇ ਧੱਕੀਆਂ ਜਾ ਚੁੱਕੀਆਂ ਹਨ ਕਿਉਂਕਿ ਸਹਾਰਣ ਵਲੋਂ ਉਹ ਬਹੁਤ ਹੀ ਦਰਦਨਾਕ ਸਦਮੇ ਵਾਲੀਆਂ, ਦੁਖਦਾਇਕ ਜਾਂ ਸ਼ਰਮਨਾਕ ਹੁੰਦੀਆਂ ਹਨ।”* [2]

ਫ਼ਰਾਇਡ ਨੇ ਅਚੇਤਨ ਦੀ ਤੁਲਨਾ ਇਕ ਹਿਮਖੰਡ (Iceberg) ਨਾਲ ਕੀਤੀ ਹੈ। ਜਿਸਦਾ ਵੱਡਾ ਲੁਕਿਆ ਹੋਇਆ ਹਿੱਸਾ ਸਤ੍ਹਾ ਦੇ ਹੇਠਾਂ ਪਿਆ ਹੁੰਦਾ ਹੈ। ਇਹ ਸਿੱਧੇ ਤੌਰ ’ਤੇ ਦੇਖਣਯੋਗ ਨਹੀਂ ਹੁੰਦਾ ਸਗੋਂ ਅਚੇਤਨ ਅਸਿੱਧੇ ਤੌਰ ’ਤੇ ਸੁਪਨਿਆਂ, ਕਲਪਨਾ ਅਤੇ ਪ੍ਰਤੀਕਾਤਮਿਕ ਵਿਵਹਾਰ ਦੁਆਰਾ ਪ੍ਰਗਟ ਹੁੰਦਾ ਹੈ। ਮਨੋਵਿਸ਼ਲੇਸ਼ਣ ਵਿਚ ਅਚੇਤਨ ਅੰਦਰੂਨੀ ਝਗੜਿਆਂ ਨੂੰ ਸੁਲਝਾਉਣ ਅਤੇ ਮਾਨਸਿਕ ਪ੍ਰੇਸ਼ਾਨੀ ਦੇ ਮੂਲ ਕਾਰਨਾਂ ਨੂੰ ਉਜਾਗਰ ਕਰਨ ਦੀ ਸਮਰੱਥਾ ਰੱਖਦਾ ਹੈ।

ਕਹਾਣੀ ‘ਮੌਨ ਦੀ ਬਾਬਾ ਦਾਰਾ’ ਵਿਚ ਇਸ ਨੂੰ ਬਾਖ਼ੂਬੀ ਸਮਝਿਆ ਜਾ ਸਕਦਾ ਹੈ। ਕਹਾਣੀ ਵਿਚ ਗ਼ਲਤ ਸੰਚਾਰ ਕੇਵਲ ਸ਼ਬਦਾਂ ਦੀ ਅਸਫਲਤਾ ਨਹੀਂ ਹੈ ਬਲਕਿ ਮਨੁੱਖੀ ਵਿਵਹਾਰ ਅਤੇ ਧਾਰਨਾ ਨੂੰ ਆਕਾਰ ਦੇਣ ਵਾਲੀਆਂ ਅਚੇਤਨ ਸ਼ਕਤੀਆਂ ਦਾ ਡੂੰਘਾ ਪ੍ਰਤੀਬਿੰਬ ਹੈ। ਗ਼ਲਤਫ਼ਹਿਮੀ ਜੋ ਦਾਰੇ ਦੀ ਦੁਖਦਾਈ ਮੌਤ ਵੱਲ ਲੈ ਜਾਂਦੀ ਹੈ, ਇਕ ਮਨੋਵਿਗਿਆਨਕ ਵਿਚਾਰ ਨੂੰ ਘੇਰਦੀ ਹੈ ਕਿ ਮਨੁੱਖੀ ਪਰਸਪਰ ਪ੍ਰਭਾਵ ਅਚੇਤ ਮਨ ਵਿਚ ਦੱਬੀਆਂ ਅਣਗਹਿਲੀਆਂ, ਇੱਛਾਵਾਂ, ਡਰਾਂ ਅਤੇ ਟਕਰਾਵਾਂ ਦੁਆਰਾ ਚਲਾਇਆ ਜਾਂਦਾ ਹੈ। ਇਹ ਗ਼ਲਤ ਸੰਚਾਰ ਅਚੇਤ ਅਨੁਮਾਨਾਂ ਦੀ ਇਕ ਲੜੀ ਤੋਂ ਪੈਦਾ ਹੁੰਦਾ ਹੈ ਜਿਵੇਂ ਡਰ, ਅਵਿਸ਼ਵਾਸ ਅਤੇ ਪਰਿਵਾਰ ਦੇ ਅੰਦਰ ਅਣਸੁਲਝੇ ਤਣਾਅ। ਇਹ ਦਰਸਾਉਂਦਾ ਹੈ ਕਿ ਜਦੋਂ ਸੰਚਾਰ ਚੇਤੰਨ ਅਤੇ ਅਚੇਤਨ ਖੇਤਰਾਂ ਨੂੰ ਜੋੜਨ ਵਿਚ ਅਸਫਲ ਹੁੰਦਾ ਹੈ ਤਾਂ ਕਿਵੇਂ ਦਬਾਈਆਂ ਗਈਆਂ ਭਾਵਨਾਵਾਂ ਅਤੇ ਅਣਸੁਲਝੇ ਸਦਮੇ ਵਿਨਾਸ਼ਕਾਰੀ ਤਰੀਕਿਆਂ ਨਾਲ ਸਤ੍ਹਾ ’ਤੇ ਆ ਸਕਦੇ ਹਨ। ਸੰਖੇਪ ਰੂਪ ਵਿਚ ਕਹਾਣੀ ਇਹ ਉਜਾਗਰ ਕਰਦੀ ਹੈ ਕਿ ਗ਼ਲਤ ਸੰਚਾਰ ਕੇਵਲ ਭਾਸ਼ਾਈ ਨਹੀਂ ਹੈ ਬਲਕਿ ਇਹ ਅਚੇਤਨ ਨਾਲ ਡੂੰਘਾ ਸੰਬੰਧ ਰੱਖਦਾ ਹੈ।

ਕਹਾਣੀ ‘ਮੱਥੇ ਦੇ ਵਲ’ ਵਿਚ ਵੀ ਫ਼ਰਾਇਡ ਦਾ ਅਚੇਤਨ ਦਾ ਸਿਧਾਂਤ ਬਿਰਤਾਂਤਕਾਰ ਦੇ ਵਿਵਹਾਰ ਨੂੰ ਰੂਪ ਦੇਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਰੂਸੀ ਲੜਕੀ ਪ੍ਰਤੀ ਬਿਰਤਾਂਤਕਾਰ ਦੀ ਕਠੋਰ ਪ੍ਰਤੀਕਿਰਿਆ ਉਸ ਦੇ ਵਿਚਾਰਧਾਰਕ ਅਤੇ ਅਤੀਤ ਵਿਚ ਇਕ ਨਿੱਜੀ ਅਸਫਲਤਾ ਨਾਲ ਜੁੜੇ ਦੋਸ਼ ਨੂੰ ਪੇਸ਼ ਕਰਦੀ ਹੈ। ਸੋਵੀਅਤ ਯੂਨੀਅਨ ਬਾਰੇ ਉਸਦਾ ਰੱਖਿਆਤਮਿਕ ਰਵੱਈਆ ਅਤੇ ਇਸ ਦੇ ਵਾਰ-ਵਾਰ ਹਵਾਲੇ ਇਕ ‘ਕਾਮਰੇਡ’ ਵਜੋਂ ਉਸਦੇ ਜੀਵਨ ਦੀਆਂ ਦੱਬੀਆਂ ਹੋਈਆਂ ਯਾਦਾਂ ਨੂੰ ਦਰਸਾਉਂਦੇ ਹਨ। ਇਹ ਯਾਦਾਂ ਉਸਦੇ ਵਿਵਹਾਰ ਨੂੰ ਪ੍ਰਭਾਵਿਤ ਕਰਦੀਆਂ ਹਨ ਭਾਵੇਂ ਉਹ ਨਿਰਲੇਪ ਦਿਖਾਈ ਦੇਣ ਦੀ ਕੋਸ਼ਿਸ਼ ਕਰਦਾ ਹੈ।

ਮਨੋਸੰਤਾਪ (Psychological Distress) ਅਕਸਰ ਵਿਅਕਤੀਗਤ ਮਨੋਵਿਗਿਆਨਕ ਸੰਘਰਸ਼ਾਂ ਅਤੇ ਵਿਆਪਕ ਸਮਾਜਿਕ ਪ੍ਰਭਾਵਾਂ ਦੇ ਲਾਂਘੇ ’ਤੇ ਉੱਭਰਦੇ ਹਨ। ਇਸ ਸੰਦਰਭ ਵਿਚ ਪਾਗਲਪਣ ਸਿਰਫ਼ ਇਕ ਕਲੀਨਿਕਲ ਸਥਿਤੀ ਨਹੀਂ ਹੈ ਸਗੋਂ ਵਿਅਕਤੀ ਦੀ ਆਪਣੇ ਅੰਦਰੂਨੀ ਅਤੇ ਬਾਹਰੀ ਸੰਸਾਰਾਂ ਨੂੰ ਦਿਸ਼ਾ ਦੇਣ ਦੀ ਯੋਗਤਾ ਦਾ ਟੁੱਟਣਾ ਵੀ ਹੈ। ਮਨੋਵਿਸ਼ਲੇਸ਼ਣ ਵਿਚ ਸੰਕਲਪਿਤ ਕੀਤਾ ਗਿਆ ਖੰਡਿਤ-ਸਵੈ ਇਕ ਮਾਨਸਿਕਤਾ ਨੂੰ ਦਰਸਾਉਂਦਾ ਹੈ ਜੋ ਅਣਸੁਲਝੇ ਹੋਏ ਸੰਘਰਸ਼ਾਂ, ਸਦਮੇ ਜਾਂ ਦਮਨਕਾਰੀ ਬਾਹਰੀ ਤਾਕਤਾਂ ਦੇ ਕਾਰਨ ਆਪਣੀ ਇਕਸੁਰਤਾ ਗੁਆ ਦਿੰਦਾ ਹੈ। ਇਹ ਵਿਖੰਡਨ ਭੁਲੇਖੇ, ਅਧਰੰਗ ਅਤੇ ਅਸਧਾਰਨ ਵਿਵਹਾਰ ਵਰਗੇ ਲੱਛਣਾਂ ਨੂੰ ਜਨਮ ਦਿੰਦਾ ਹੈ ਜੋ ਪਛਾਣ ਦੀ ਟੁੱਟੀ ਹੋਈ ਭਾਵਨਾ ਨੂੰ ਦਰਸਾਉਂਦੇ ਹਨ।

ਕਹਾਣੀ ‘ਖਜੂਰਾਂ’ ਵਿਚ ਪਾਤਰ ਅਰਸ਼ ਦਾ ਅਨਿਯਮਿਤ ਵਿਵਹਾਰ ਅਤੇ ਉਸ ਦੀ ਵਾਸਤਵਿਕਤਾ ਬਾਰੇ ਧਾਰਨਾ, ਜਿਸ ਨੂੰ ਉਹ ਵਿਗੜਿਆ ਜਾਂ ਪਾਕਿਸਤਾਨ ਤੋਂ ਆਏ ਨਸ਼ੀਲੇ ਪਦਾਰਥਾਂ ਨੂੰ ਬਾਹਰੀ ਤਾਕਤਾਂ ਤੋਂ ਪ੍ਰਭਾਵਿਤ ਮੰਨਦਾ ਹੈ, ਉਸਦੇ ਮਨੋਵਿਗਿਆਨਕ ਵਿਗਾੜ ਨੂੰ ਦਰਸਾਉਂਦੀ ਹੈ। ਉਸ ਦਾ ਵਿਸ਼ਵਾਸ ਕਿ ਨਸ਼ੇ

ਪਾਕਿਸਤਾਨ ਦੇ ਮੌਲਵੀਆਂ ਨੇ ਕਲਮਾਂ ਪੜ੍ਹਕੇ ਭੇਜੇ ਹੋਏ ਹਨ ਅਤੇ ਉਹ ਪਾਕਿਸਤਾਨ ਵਿਚ ਪੁਨਰ ਜਨਮ ਲਵੇਗਾ, ਸਵੈ ਅਤੇ ਅਸਲੀਅਤ ਦੀ ਟੁੱਟੀ ਹੋਈ ਭਾਵਨਾ ਨੂੰ ਦਰਸਾਉਂਦਾ ਹੈ।

> *"ਦੇਖੋ, ਸਮਾਨ ਆਉਂਦਾ ਪਾਕਿਸਤਾਨ ਤੋਂ, ਉੱਥੋਂ ਉਹ ਆਪਣੇ ਮੌਲਵੀਆਂ ਤੋਂ ਕਲਮਾ ਪੜ੍ਹਾ ਕੇ ਭੇਜਦੇ ਨੇ, ਜਿਹਨੇ ਇਕ ਵਾਰੀ ਲਾ ਲਿਆ, ਛੱਡ ਤਾਂ ਉਹ ਸਕਦਾ ਹੀ ਨਹੀਂ ਤੇ ਇਹ ਪੱਥਰ 'ਤੇ ਲੀਕ ਆ ਕਿ ਇਹਨੇ ਜਾਨ ਲੈਣੀ ਹੀ ਲੈਣੀ ਆਂ ਤੇ ਦੂਜੀ ਵੀ ਪੱਥਰ 'ਤੇ ਲੀਕ ਆ ਕਿ ਅਗਲੇ ਜਨਮ ਅਸੀਂ ਮੁਸਲਮਾਨ ਬਣ ਕੇ ਜੰਮਣਾ ਵੀ ਪਾਕਿਸਤਾਨ ਆਂ।"* [3]

ਇਹ ਸਥਿਤੀ ਸਿਰਫ਼ ਵਿਅਕਤੀਗਤ ਮਨੋਵਿਗਿਆਨਕ ਸੰਘਰਸ਼ਾਂ ਦਾ ਨਤੀਜਾ ਨਹੀਂ ਹੈ ਸਗੋਂ ਸਿਆਸੀ ਹੇਰਾਫੇਰੀ ਦੀ ਭੂਮਿਕਾ ਨੂੰ ਵੀ ਉਜਾਗਰ ਕਰਦੀ ਹੈ। ਬਿਰਤਾਂਤ ਸੁਝਾਅ ਦਿੰਦਾ ਹੈ ਕਿ ਰਾਜਨੀਤਿਕ ਨੇਤਾ ਆਪਣੀ ਤਾਕਤ ਦੀ ਭਾਲ ਵਿਚ ਭਾਈਚਾਰੇ ਦੀ ਕਮਜ਼ੋਰੀ ਦਾ ਸ਼ੋਸ਼ਣ ਕਰਦੇ ਹੋਏ ਸਰਹੱਦ ਪਾਰ ਤੋਂ ਪਿੰਡਾਂ ਵਿਚ ਨਸ਼ਿਆਂ ਦੀ ਸਪਲਾਈ ਦੀ ਸਹੂਲਤ ਦਿੰਦੇ ਹਨ। ਇਹ ਬਾਹਰੀ ਪ੍ਰਭਾਵ ਨੌਜਵਾਨਾਂ ਵਿਚ ਮਨੋਵਿਗਿਆਨਕ ਉਥਲ-ਪੁਥਲ ਨੂੰ ਵਧਾ ਦਿੰਦਾ ਹੈ, ਜੋ ਨਸ਼ੇ ਅਤੇ ਨਿਰਾਸ਼ਾ ਵਿਚ ਫਸ ਜਾਂਦੇ ਹਨ। ਅਰਸ਼ ਦੀ ਸਥਿਤੀ ਨੂੰ ਇਕ ਡੂੰਘੇ ਸਮਾਜਿਕ ਵਿਗਾੜ ਦੇ ਪ੍ਰਗਟਾਵੇ ਵਜੋਂ ਦੇਖਿਆ ਜਾ ਸਕਦਾ ਹੈ, ਜਿੱਥੇ ਸਮਾਜ ਦੀ ਈਗੋ (ਤਰਕਸ਼ੀਲਤਾ, ਸਥਿਰਤਾ) ਅੰਦਰੂਨੀ ਡਰ ਅਤੇ ਬਾਹਰੀ ਹੇਰਾਫੇਰੀ ਦੋਵਾਂ ਦੇ ਦਬਾਅ ਹੇਠ ਢਹਿ ਜਾਂਦੀ ਹੈ। ਨਸ਼ਿਆਂ ਦੀ ਆਮਦ ਨੌਜਵਾਨ ਪੀੜ੍ਹੀ ਨੂੰ ਨਿਯੰਤਰਿਤ ਅਤੇ ਕਮਜ਼ੋਰ ਕਰਨ ਦਾ ਸਾਧਨ ਬਣ ਜਾਂਦੀ ਹੈ। ਜਿਸ ਨਾਲ ਉਹ ਨਿਰਾਸ਼ਾ ਅਤੇ ਸਵੈ-ਵਿਨਾਸ਼ਕਾਰੀ ਵਿਵਹਾਰ ਦਾ ਸ਼ਿਕਾਰ ਹੋ ਜਾਂਦੇ ਹਨ। ਇਹ ਉਹਨਾਂ ਦੇ ਸੰਘਰਸ਼ਾਂ ਨੂੰ ਇਕ ਰਾਜਨੀਤਿਕ ਔਜ਼ਾਰ ਵਿਚ ਬਦਲਦਾ ਹੈ ਕਿਉਂਕਿ ਪਿੰਡ ਦਾ ਧਿਆਨ ਉਹਨਾਂ ਦੀਆਂ ਅੰਦਰੂਨੀ ਚੁਣੌਤੀਆਂ ਨੂੰ ਹੱਲ ਕਰਨ ਤੋਂ ਬਾਹਰੀ ਦੁਸ਼ਮਣ ਤੋਂ ਡਰਨ ਵੱਲ ਬਦਲਦਾ ਹੈ।

ਦਮਨ (Repression) ਵਿਚ ਅਣਚਾਹੇ ਵਿਚਾਰਾਂ, ਇੱਛਾਵਾਂ ਜਾਂ ਦੁਖਦਾਈ ਤਜਰਬਿਆਂ ਨੂੰ ਅਚੇਤਨ ਵਿਚ ਧੱਕਣਾ ਸ਼ਾਮਲ ਹੁੰਦਾ ਹੈ, ਜਿੱਥੇ ਉਹ ਲੱਛਣਾਂ ਜਾਂ ਵਿਵਹਾਰਾਂ ਦੁਆਰਾ ਅਸਿੱਧੇ ਰੂਪ ਵਿਚ ਪ੍ਰਗਟ ਹੁੰਦੇ ਹਨ। ਕਹਾਣੀ 'ਮੈਂ ਅਯਨਘੋਸ਼ ਨਹੀਂ' ਵਿਚ ਵਿਦਵਾਨ ਦਾ ਪ੍ਰਭਾਵ ਮੁੱਖ ਪਾਤਰ ਹਰਿੰਦਰ ਲਈ ਅੰਦਰੂਨੀ ਆਲੋਚਨਾ ਦਾ ਇਕ ਸਰੋਤ ਬਣ ਜਾਂਦਾ ਹੈ ਜੋ ਉਸ ਦੀਆਂ ਸਵੈ-ਸ਼ੱਕ ਅਤੇ ਦਮਨ ਦੀਆਂ ਭਾਵਨਾਵਾਂ ਨੂੰ ਵਧਾਉਂਦਾ ਹੈ। ਹਰਿੰਦਰ ਵਿਦਵਾਨ ਦੇ ਫ਼ੈਸਲਿਆਂ ਅਤੇ ਮਿਆਰਾਂ ਨੂੰ ਅੰਦਰੂਨੀ ਰੂਪ ਦਿੰਦਾ ਹੈ। ਜਦੋਂ ਵੀ ਉਹ ਆਪਣੇ ਆਪ ਨੂੰ ਇਕ ਪਤੀ ਵਜੋਂ ਆਪਣੀ ਭੂਮਿਕਾ ਵਿਚ ਅਸਫਲ ਸਮਝਦਾ ਹੈ ਤਾਂ ਉਹਨਾਂ ਨੂੰ ਸਵੈ-ਵਿਰੋਧ ਦੀ ਆਵਾਜ਼ ਵਿਚ ਬਦਲਦਾ ਹੈ। ਰਿਸ਼ਤਿਆਂ ਬਾਰੇ ਵਿਦਵਾਨ ਦਾ ਆਦਰਸ਼ਕ ਭਾਸ਼ਣ ਇਕ ਅਜਿਹਾ ਮਾਪਦੰਡ ਬਣ ਜਾਂਦਾ ਹੈ ਜਿਸ ਦੇ ਵਿਰੁੱਧ ਹਰਿੰਦਰ ਆਪਣੇ ਕੰਮਾਂ ਦਾ ਮੁਲਾਂਕਣ ਕਰਦਾ ਹੈ, ਅਕਸਰ ਆਪਣੇ ਆਪ ਵਿਚ ਕਮੀ ਮਹਿਸੂਸ ਕਰਦਾ ਹੈ। ਇਹ ਸਵੈ-ਆਲੋਚਨਾ ਸੁਪਰ-ਈਗੋ ਦੇ ਪ੍ਰਭਾਵ ਲਈ ਕੇਂਦਰ ਬਣਦੀ ਹੈ ਕਿਉਂਕਿ ਇਹ ਹਰਿੰਦਰ ਨੂੰ ਉਸ ਦੀਆਂ ਸੱਚੀਆਂ ਭਾਵਨਾਵਾਂ ਅਤੇ ਇੱਛਾਵਾਂ ਨੂੰ ਦਬਾਉਣ ਲਈ ਅਗਵਾਈ ਕਰਦੀ ਹੈ। ਉਸਦੇ ਅੰਦਰੂਨੀ ਟਕਰਾਅ ਦਾ ਨਤੀਜਾ ਉਲਟ ਹੁੰਦਾ ਹੈ ਕਿਉਂਕਿ ਜਿੰਨਾ ਜ਼ਿਆਦਾ ਉਹ ਆਪਣੇ ਆਪ ਨੂੰ ਇਹਨਾਂ ਬਾਹਰੀ ਆਦਰਸ਼ਾਂ ਨਾਲ ਜੋੜਨ ਦੀ ਕੋਸ਼ਿਸ਼ ਕਰਦਾ ਹੈ, ਓਨਾ ਹੀ ਉਹ ਆਪਣੇ ਪ੍ਰਮਾਣਿਕ ਸਵੈ ਤੋਂ ਦੂਰ ਮਹਿਸੂਸ ਕਰਦਾ ਹੈ।

ਕਹਾਣੀ 'ਮੌਨ ਦੀ ਬਾਬਾ ਦਾਰਾ' ਵਿਚ ਪਾਤਰ ਜਗੀਰ ਸਿਹੁੰ ਦੁਆਰਾ ਰਾਜਪੂਤ ਔਰਤ ਨੂੰ ਕੱਢ ਲਿਆਉਣਾ ਅਤੇ ਉਸ ਨੂੰ ਪਿੰਡ ਦੇ ਮੰਦਰ ਦੀ ਮਾਤਾ ਬਣਾ ਕੇ ਆਪਣੇ ਅੰਦਰੂਨੀ ਦੋਸ਼ ਨੂੰ ਦਬਾਇਆ ਜਾਂਦਾ ਹੈ ਕਿਉਂਕਿ ਉਸ ਦੀਆਂ ਕਾਰਵਾਈਆਂ ਦਾ ਸੁਚੇਤ ਤੌਰ 'ਤੇ ਸਾਹਮਣਾ ਕਰਨਾ ਅਸਹਿ ਮਨੋਵਿਗਿਆਨਕ ਦਰਦ ਦਾ ਕਾਰਨ ਬਣਦਾ ਹੈ। ਇਹ ਦੱਬਿਆ ਹੋਇਆ ਦੋਸ਼ ਉਦੋਂ ਪ੍ਰਗਟ ਹੁੰਦਾ ਹੈ ਜਦੋਂ ਉਹ 'ਤਿਤਰਲਾਟਮਾਤਾ-ਤਿਤਰਲਾਟਮਾਤਾ' ਦੇ ਬੋਲਾਂ ਨਾਲ ਗ੍ਰਸਤ ਹੋ ਜਾਂਦਾ ਹੈ ਜੋ ਉਸ ਦੁਆਰਾ ਦਿੱਤੇ ਸਦਮੇ ਅਤੇ ਨੈਤਿਕਤਾ ਨਾਲ ਆਪਣੀਆਂ ਇੱਛਾਵਾਂ ਦਾ ਮੇਲ ਕਰਨ ਵਿਚ ਉਸਦੀ ਅਸਮਰਥਾ ਨੂੰ ਦਰਸਾਉਂਦਾ ਹੈ।

ਮੁੱਖ ਪਾਤਰ ਸੁਖਰਾਜ ਦਾ ਦਮਨ ਉਸਦੇ ਪਿਤਾ ਦੀ ਮੌਤ ਅਤੇ ਸਮਾਧ ਵਾਲੇ ਮਾਤਾ ਨਾਲ ਉਸਦੇ ਪਿਤਾ ਦੇ ਰਿਸ਼ਤੇ ਦੇ ਆਲੇ-ਦੁਆਲੇ ਦੇ ਸਮਾਜਿਕ ਨਿਰਨੇ ਨੇ ਬਹੁਤ ਜ਼ਿਆਦਾ ਮਨੋਵਿਗਿਆਨਕ ਦਬਾਅ ਪੈਦਾ ਕੀਤਾ। ਸੁਖਰਾਜ ਆਪਣੀਆਂ ਭਾਵਨਾਵਾਂ ਨੂੰ ਦਬਾ ਲੈਂਦਾ ਹੈ ਜੋ ਉਸ ਦੇ ਮਾਨਸਿਕ ਵਿਕਾਰ ਵਿਚ ਪ੍ਰਗਟ ਹੁੰਦਾ ਹੈ। ਉਹ ਆਪਣੇ ਘਰ ਵਿਚ ਬੱਝ ਜਾਂਦਾ ਹੈ, ਇਕ ਮਨੋਵਿਗਿਆਨਕ ਢਾਲ ਬਣਾਉਂਦਾ ਹੈ ਅਤੇ ਟੀਵੀ ਵਿਚਲੀ ਸਮਗਰੀ ਦੀ ਗੰਧ ਆਉਣਾ ਦੱਬੇ-ਕੁਚਲੇ ਤਣਾਅ ਨੂੰ ਮੁੜ ਸੁਰਜੀਤ ਕਰਨ ਦਾ ਇਕ ਤਰੀਕਾ ਬਣ ਜਾਂਦਾ ਹੈ।

ਫ਼ਰਾਇਡ ਦਾ ਢਾਂਚਾਗਤ ਮਾਡਲ ਸ਼ਖ਼ਸੀਅਤ ਨੂੰ ਤਿੰਨ ਹਿੱਸਿਆਂ ਵਿਚ ਵੰਡਦਾ ਹੈ: ਇਦ, ਈਗੋ ਤੇ ਸੁਪਰ-ਈਗੋ (Id, Ego and Super Ego)। ਇਦ ਮੂਲ ਪ੍ਰਵਿਰਤੀਆਂ ਅਤੇ ਇੱਛਾਵਾਂ ਦਾ ਅਚੇਤ ਭੰਡਾਰ ਹੈ ਜੋ ਅਨੰਦ ਦੇ ਸਿਧਾਂਤ 'ਤੇ ਕੰਮ ਕਰਦਾ ਹੈ ਅਤੇ ਤੁਰੰਤ ਸੰਤੁਸ਼ਟੀ ਦੀ ਮੰਗ ਕਰਦਾ ਹੈ। ਸੁਪਰ-ਈਗੋ ਅੰਦਰੂਨੀ ਸਮਾਜਿਕ ਅਤੇ ਨੈਤਿਕ ਕਦਰਾਂ-ਕੀਮਤਾਂ ਨੂੰ ਦਰਸਾਉਂਦਾ ਹੈ, ਸੰਪੂਰਨਤਾ ਲਈ ਕੋਸ਼ਿਸ਼ ਕਰਦਾ ਹੈ ਅਤੇ ਕਾਰਵਾਈਆਂ ਨੂੰ ਸਹੀ ਜਾਂ ਗ਼ਲਤ ਦੇ ਪੱਧਰ 'ਤੇ ਸਮਝਦਾ ਹੈ। ਈਗੋ ਹਕੀਕਤ ਦੇ ਸਿਧਾਂਤ 'ਤੇ ਕੰਮ ਕਰਦੀ ਹੈ। ਇਹ ਸਮਾਜਿਕ ਤੌਰ 'ਤੇ ਸਵੀਕਾਰਨ ਯੋਗ ਵਿਵਹਾਰ ਨੂੰ ਯਕੀਨੀ ਬਣਾਉਂਦੇ ਹੋਏ ਪ੍ਰਭਾਵਸ਼ਾਲੀ ਇਦ, ਨੈਤਿਕਤਾਵਾਦੀ ਸੁਪਰ-ਈਗੋ ਅਤੇ ਬਾਹਰੀ ਹਕੀਕਤ ਵਿਚਕਾਰ ਵਿਚੋਲਗੀ ਕਰਦੀ ਹੈ। ਇਹ ਗਤੀਸ਼ੀਲ ਅੰਤਰ-ਸੰਬੰਧ ਮਨੁੱਖੀ ਵਿਵਹਾਰ ਨੂੰ ਆਕਾਰ ਦਿੰਦੇ ਹਨ।

ਕਹਾਣੀ 'ਮੈਂ ਅਯਨਘੋਸ਼ ਨਹੀਂ' ਦਾ ਮੁੱਖ ਪਾਤਰ ਹਰਿੰਦਰ ਜਦੋਂ ਆਪਣੇ ਵਿਆਹ ਵਿਚ ਈਰਖਾ ਅਤੇ ਅਯੋਗਤਾ ਨਾਲ ਜੂਝਦਾ ਹੈ ਤਾਂ ਉਸ ਦੀਆਂ ਦੱਬੀਆਂ ਇੱਛਾਵਾਂ ਅਤੇ ਹਮਲਾਵਰ ਪ੍ਰਵਿਰਤੀਆਂ ਪ੍ਰਗਟ ਹੁੰਦੀਆਂ ਹਨ। ਸੀਰਤ ਦਾ ਕਿਸੇ ਹੋਰ ਆਦਮੀ (ਸਰ) ਲਈ ਪ੍ਰਸ਼ੰਸਾ 'ਤੇ ਉਸਦਾ ਨਿਰਧਾਰਨ ਇਦ ਦੀਆਂ ਅਚੇਤਨ ਸ਼ਕਤੀਆਂ ਦੁਆਰਾ ਚਲਾਏ ਗਏ ਦੱਬੇ-ਕੁਚਲੇ ਗ਼ੁੱਸੇ ਨੂੰ ਸਾਹਮਣੇ ਲਿਆਉਂਦਾ ਹੈ। ਜਦੋਂ ਹਰਿੰਦਰ ਸੀਰਤ ਉੱਪਰ ਭੜਕਦਾ ਹੈ ਤਾਂ ਉਸ ਦੀ ਆਦਮ ਪ੍ਰਵਿਰਤੀ ਤਰਕਸ਼ੀਲਤਾ ਨੂੰ ਕਿਨਾਰੇ ਕਰਦੇ ਹੋਏ ਉਸਨੂੰ ਕੰਟਰੋਲ ਕਰ ਲੈਂਦੀ ਹੈ।

ਹਰਿੰਦਰ ਦੀ ਈਗੋ ਆਪਣੀਆਂ ਅੰਦਰੂਨੀ ਇੱਛਾਵਾਂ ਨੂੰ ਅਸਲੀਅਤ ਨਾਲ ਜੋੜਨ ਦੀ ਕੋਸ਼ਿਸ਼ ਕਰਦੀ ਹੈ ਅਤੇ ਇਸਨੂੰ ਸੰਤੁਲਨ ਬਣਾਈ ਰੱਖਣ ਲਈ ਸੰਘਰਸ਼ ਕਰਦੇ ਦਿਖਾਇਆ ਗਿਆ ਹੈ। ਉਹ ਇਕ ਪਤੀ ਅਤੇ ਇਕ ਆਦਮੀ ਦੇ ਰੂਪ ਵਿਚ

ਆਪਣੀ ਸਥਿਤੀ ਨੂੰ ਤਰਕਸੰਗਤ ਬਣਾਉਣ ਦੀ ਕੋਸ਼ਿਸ਼ ਕਰਦਾ ਹੈ ਪਰ ਅੰਤ ਵਿਚ ਉਸਦੀ ਈਗੋ ਹੀਣਤਾ ਦੀਆਂ ਭਾਵਨਾਵਾਂ ਨਾਲ ਸਮਝੌਤਾ ਕਰਦੀ ਹੈ।

ਵਿਦਵਾਨ ਨੂੰ ਉਸ ਦੇ ਸਭਿਆਚਾਰਕ ਅਤੇ ਸਮਾਜਿਕ ਮਿਆਰਾਂ ਦੇ ਆਦਰਸ਼ਾਂ ਦੁਆਰਾ ਪੇਸ਼ ਕੀਤਾ ਗਿਆ ਹੈ ਜੋ ਸੁਪਰ-ਈਗੋ ਦੇ ਰੂਪ ਵਿਚ ਹਰਿੰਦਰ ’ਤੇ ਫ਼ਰਜ਼ ਅਤੇ ਨੈਤਿਕਤਾ ਦੀ ਭਾਵਨਾ ਥੋਪਦਾ ਹੈ। ਪਛਾਣ, ਇੱਛਾ ਅਤੇ ਸਭਿਆਚਾਰਕ ਨਿਯਮਾਂ ’ਤੇ ਵਿਦਵਾਨ ਦੀ ਟਿੱਪਣੀ ਸੁਪਰ-ਈਗੋ ਦੀ ਆਵਾਜ਼ ਵਜੋਂ ਕੰਮ ਕਰਦੀ ਹੈ। ਇਹ ਹਰਿੰਦਰ ਨੂੰ ਉਹਨਾਂ ਮਿਆਰਾਂ ਦੀ ਲਗਾਤਾਰ ਯਾਦ ਦਿਵਾਉਂਦੀ ਹੈ ਜੋ ਉਹ ਮਹਿਸੂਸ ਕਰਦਾ ਹੈ ਕਿ ਉਸਨੂੰ ਬਰਕਰਾਰ ਰੱਖਣੇ ਚਾਹੀਦੇ ਹਨ, ਜਿਸ ਨਾਲ ਉਸਦੇ ਅੰਦਰੂਨੀ ਟਕਰਾਅ ਵਿਚ ਵਾਧਾ ਹੁੰਦਾ ਹੈ। ਆਖ਼ਰਕਾਰ, ਇਕ ਸੁਪਰ-ਈਗੋ ਦੇ ਰੂਪ ਵਿਚ ਵਿਦਵਾਨ ਦੀ ਭੂਮਿਕਾ ਹਰਿੰਦਰ ਦੀ ਨਿਰਾਸ਼ਾ ਵਿਚ ਵਾਧਾ ਕਰਨ ਵਿਚ ਯੋਗਦਾਨ ਪਾਉਂਦੀ ਹੈ। ਵਿਦਵਾਨ ਦੇ ਆਦਰਸ਼ ਅਤੇ ਬੌਧਿਕ ਮਾਹੌਲ ਜਿਸ ਦੀ ਉਹ ਪ੍ਰਤੀਨਿਧਤਾ ਕਰਦਾ ਹੈ, ਇਕ ਅਜਿਹਾ ਮਿਆਰ ਸਿਰਜਦੇ ਹਨ ਜੋ ਹਰਿੰਦਰ ਨੂੰ ਅਪ੍ਰਾਪਤ ਮਹਿਸੂਸ ਕਰਵਾਉਂਦੇ ਹਨ। ਵਿਦਵਾਨ ਦੀ ਨਿਰਲੇਪ ਬੁੱਧੀ ਹਰਿੰਦਰ ਦੀਆਂ ਆਪਣੀਆਂ ਸਮਝੀਆਂ ਗਈਆਂ ਅਸਫਲਤਾਵਾਂ ਨੂੰ ਰੇਖਾਂਕਿਤ ਕਰਦੀ ਹੈ, ਜਿਸ ਨਾਲ ਉਹ ਕੌਣ ਹੈ ਅਤੇ ਉਸਨੂੰ ਕੀ ਹੋਣਾ ਚਾਹੀਦਾ ਹੈ, ਦੇ ਵਿਚਕਾਰ ਪਾੜੇ ਬਾਰੇ ਵਧੇਰੇ ਸੁਚੇਤ ਕਰਦਾ ਹੈ। ਇਹ ਨਿਰੰਤਰ ਤੁਲਨਾ ਹਰਿੰਦਰ ਦੀ ਅਯੋਗਤਾ ਦੀ ਭਾਵਨਾ ਵਿਚ ਵਾਧਾ ਕਰਦੀ ਹੈ, ਜਿਸ ਨਾਲ ਉਹ ਇਕ ਅਜਿਹੀ ਭੂਮਿਕਾ ਵਿਚ ਫਸਿਆ ਹੋਇਆ ਮਹਿਸੂਸ ਕਰਦਾ ਹੈ ਜਿੱਥੇ ਉਸਨੂੰ ਹਮੇਸ਼ਾ ਪਰਖਿਆ ਜਾਂਦਾ ਹੈ। ਉਸ ਦੇ ਅੰਤਿਮ ਹਿੰਸਕ ਵਿਸਫੋਟ ਨੂੰ ਇਸ ਅਣਸੁਲਝੇ ਤਣਾਅ ਦੇ ਪ੍ਰਤੀਕਰਮ ਜਾਂ ਸੁਪਰ-ਈਗੋ ਦੇ ਦਮ ਘੁੱਟਣ ਵਾਲੇ ਪ੍ਰਭਾਵ ਤੋਂ ਮੁਕਤ ਹੋਣ ਦੀ ਕੋਸ਼ਿਸ਼ ਵਜੋਂ ਦੇਖਿਆ ਜਾ ਸਕਦਾ ਹੈ, ਭਾਵੇਂ ਇਸਦਾ ਨਤੀਜਾ ਸਵੈ-ਵਿਨਾਸ਼ ਹੀ ਹੋਵੇ।

ਫ਼ਰਾਇਡ ਦੀ ਸੁਪਰ-ਈਗੋ ਦੀ ਧਾਰਨਾ ਸਮਾਜਿਕ ਨਿਯਮਾਂ ਅਤੇ ਮਾਪਿਆਂ ਦੇ ਪ੍ਰਭਾਵ ਦੁਆਰਾ ਬਣਾਈ ਗਈ ਅੰਦਰੂਨੀ ਨੈਤਿਕ ਜ਼ਮੀਰ ਸੁਖਜੀਤ ਦੀਆਂ ਕਹਾਣੀਆਂ ਦੇ ਕਈ ਪਾਤਰਾਂ ਦੀਆਂ ਕਿਰਿਆਵਾਂ ਅਤੇ ਮਾਨਸਿਕਤਾ ਨੂੰ ਰੂਪ ਦੇਣ ਵਾਲੀ ਇਕ ਵਿਆਪਕ ਸ਼ਕਤੀ ਹੈ। ਕਹਾਣੀ ‘ਮੌਨ ਦੀ ਬਾਬਾ ਦਾਰਾ’ ਵਿਚ ਸੁਪਰ-ਈਗੋ ਮੁਖ ਪਾਤਰ ਸੁਖਰਾਜ ਦੇ ਅਧਰੰਗੀ ਦੋਸ਼ ਵਿਚ ਸਭ ਤੋਂ ਪ੍ਰਮੁੱਖਤਾ ਨਾਲ ਪ੍ਰਗਟ ਹੁੰਦੀ ਹੈ ਜੋ ਉਸਦੇ ਆਪਣੇ ਕੰਮਾਂ ਤੋਂ ਨਹੀਂ ਬਲਕਿ ਉਸਦੇ ਪਿਤਾ ਜਗੀਰ ਸਿਹੁੰ ਦੀ ਵਿਰਾਸਤ ਤੋਂ ਪੈਦਾ ਹੁੰਦਾ ਹੈ। ਸੁਖਰਾਜ ਆਪਣੇ ਪਿਤਾ ਦੇ ਅਪਰਾਧਾਂ, ਖ਼ਾਸ ਕਰਕੇ ਸਮਾਧ ਵਾਲੇ ਮਾਤਾ ਦੇ ਰਿਸ਼ਤੇ ਅਤੇ ਉਸ ਤੋਂ ਬਾਅਦ ਦੀ ਅਸਧਾਰਨ ਮੌਤ ਦੀ ਸਮਾਜਿਕ ਨਿੰਦਾ ਕਰਦਾ ਹੈ।

> *“ਹੁਣ ਮੈਂ ਡਾਕਟਰ ਨੂੰ ਕਿਵੇਂ ਦੱਸਦਾ ਕਿ ਭੋਗਣ ਦੀ ਕੋਈ ਕਸਰ ਮੇਰੇ ਬਾਪ ਨੇ ਨਹੀਂ ਸੀ ਛੱਡੀ। ਤੀਮੀਂਆਂ ਤੋਂ ਲੈ ਕੇ ਨਸ਼ਿਆਂ ਤੱਕ, ਪੀਣ-ਖਾਣ ਤੋਂ ਲੈ ਕੇ ਪਹਿਨਣ ਤੱਕ। ਐਨਾ ਕੁਝ ਕੀਤਾ ਕਿ ਦਾਦੇ-ਪੜਦਾਦੇ ਦੀ ਲੱਖਾਂ ਦੀ ਕਮਾਈ ਉਡਾ ਦਿੱਤੀ।”* [4]

ਇਹ ਵਿਰਸੇ ਵਿਚ ਮਿਲਿਆ ਦੋਸ਼ ਇਕ ਕੁਚਲਨ ਵਾਲਾ ਭਾਰ ਬਣ ਜਾਂਦਾ ਹੈ। ਸੁਖਰਾਜ ਨੂੰ ਅਲੱਗ-ਥਲੱਗ ਕਰ ਦਿੰਦਾ ਹੈ ਅਤੇ ਉਸਦੇ ਮਾਨਸਿਕ ਵਿਗਾੜ ਨੂੰ ਹੋਰ ਗਹਿਰਾ ਕਰਦਾ ਹੈ।

ਪਛਾਣ (Identity) ਸਵੈ ਦੀ ਭਾਵਨਾ ਨੂੰ ਦਰਸਾਉਂਦੀ ਹੈ ਜੋ ਵਿਅਕਤੀਗਤ ਅਨੁਭਵਾਂ, ਸਮਾਜਿਕ ਭੂਮਿਕਾਵਾਂ ਅਤੇ ਸਭਿਆਚਾਰਕ ਸੰਦਰਭਾਂ ਦੁਆਰਾ ਆਕਾਰ ਦੇ ਆਪਣੇ ਵਾਤਾਵਰਣ ਨਾਲ ਇਕ ਵਿਅਕਤੀ ਦੇ ਪਰਸਪਰ ਪ੍ਰਭਾਵ ਦੁਆਰਾ ਵਿਕਸਤ ਹੁੰਦੀ ਹੈ। ਇਹ ਇਕ ਗਤੀਸ਼ੀਲ ਅਤੇ ਬਹੁਪੱਖੀ ਉਸਾਰੀ ਹੈ ਜੋ ਸਵੈ-ਧਾਰਨਾ, ਕਦਰਾਂ-ਕੀਮਤਾਂ, ਵਿਸ਼ਵਾਸਾਂ ਅਤੇ ਮਾਨਤਾਵਾਂ ਨੂੰ ਸ਼ਾਮਲ ਕਰਦੀ ਹੈ, ਜਿਸ ਵਿਚ ਲਿੰਗ, ਨਸਲ ਅਤੇ ਪੇਸ਼ੇ ਵਰਗੇ ਪਹਿਲੂ ਵੀ ਸ਼ਾਮਲ ਹਨ। ਮਨੋਵਿਗਿਆਨੀ ਏਰਿਕ ਏਰਿਕਸਨ (Erik Erikson) ਪਛਾਣ ਨੂੰ ਵਿਕਾਸ ਸੰਬੰਧੀ ਪ੍ਰਾਪਤੀ ਦੇ ਤੌਰ ’ਤੇ ਮਹੱਤਵ ਦਿੰਦੇ ਹਨ। ਖ਼ਾਸ ਤੌਰ ’ਤੇ ਕਿਸ਼ੋਰ ਅਵਸਥਾ ਦੌਰਾਨ ਜਦੋਂ ਵਿਅਕਤੀ ਪਛਾਣ ਬਨਾਮ ਭੂਮਿਕਾ ਦੇ ਉਲਝਣ ਦੇ ਸੰਕਟ ਦਾ ਸਾਹਮਣਾ ਕਰਦੇ ਹਨ। ਇਸ ਪ੍ਰਕਿਰਿਆ ਵਿਚ ਇਕ ਸੁਮੇਲ ਅਤੇ ਸਥਿਰ ਸਵੈ-ਸੰਕਲਪ ਬਣਾਉਣ ਲਈ ਅਤੀਤ ਦੇ ਤਜਰਬਿਆਂ, ਵਰਤਮਾਨ ਹਕੀਕਤਾਂ ਅਤੇ ਭਵਿੱਖ ਦੀਆਂ ਇੱਛਾਵਾਂ ਨੂੰ ਜੋੜਨਾ ਸ਼ਾਮਲ ਹੈ। ਪਛਾਣ ਸਥਿਰ ਨਹੀਂ ਹੁੰਦੀ, ਇਹ ਸਮੇਂ ਦੇ ਨਾਲ ਵਿਕਸਤ ਹੁੰਦੀ ਹੈ, ਬਦਲਦੇ ਹਾਲਾਤ, ਰਿਸ਼ਤਿਆਂ ਅਤੇ ਸਮਾਜਿਕ ਉਮੀਦਾਂ ਤੋਂ ਪ੍ਰਭਾਵਿਤ ਹੁੰਦੀ ਹੈ, ਸੰਸਾਰ ਨਾਲ ਸਵੈ-ਸਮਝ ਅਤੇ ਅਰਥਪੂਰਨ ਰੁਝੇਵਿਆਂ ਲਈ ਇਕ ਬੁਨਿਆਦ ਵਜੋਂ ਕੰਮ ਕਰਦੀ ਹੈ।

ਕਹਾਣੀ ‘ਮੈਂ ਅਯਨਘੋਸ਼ ਨਹੀਂ’ ਵਿਚ ਮੁੱਖ ਪਾਤਰ ਹਰਿੰਦਰ ਦਾ ਪਛਾਣ ਨਾਲ ਸੰਘਰਸ਼ ਇਸਦਾ ਕੇਂਦਰੀ ਵਿਸ਼ਾ ਹੈ। ਉਹ ਆਪਣੇ ਪੇਂਡੂ ਪਾਲਣ-ਪੋਸਣ ਅਤੇ ਸੀਰਤ ਨਾਲ ਸ਼ਹਿਰੀ ਸੰਸਾਰ ਦੇ ਵਿਚਕਾਰ ਉਲਝਿਆ ਰਹਿੰਦਾ ਹੈ। ਸ਼ਹਿਰੀ ਜੀਵਨ ਨਾਲ ਉਸਦੀ ਅਸਹਿਜਤਾ, ਪਿੰਡ ਲਈ ਉਸਦੀ ਤਾਂਘ ਅਤੇ ਉਸਦੀ ਮਾਂ ਦੇ ਪਿਆਰ ਦੀਆਂ ਯਾਦਾਂ ਉਸਦੇ ਅਤੀਤ ਅਤੇ ਵਰਤਮਾਨ ਵਿਚ ਉਸਦੇ ਅੰਦਰੂਨੀ ਸੰਘਰਸ਼ ਨੂੰ ਦਰਸਾਉਂਦੀਆਂ ਹਨ। ਸੀਰਤ ਵੱਲੋਂ ਆਪਣੇ ਸਰ ਦੀ ਪ੍ਰਸੰਸਾ ਇਸ ਟਕਰਾਅ ਨੂੰ ਹੋਰ ਵਧਾ ਦਿੰਦੀ ਹੈ। ਇਹ ਸ਼ਰਧਾ ਹਰਿੰਦਰ ਦੀ ਅਯੋਗਤਾ ਦੀ ਭਾਵਨਾ ਨੂੰ ਵਧਾਉਂਦੀ ਹੈ ਅਤੇ ਉਹਨਾਂ ਦੇ ਰਿਸ਼ਤੇ ਵਿਚ ਦਰਾਰ ਪੈਦਾ ਕਰਦੀ ਹੈ। ਹਰਿੰਦਰ ਦੀ ਘੋਸ਼ਣਾ “ਮੈਂ ਅਯਨਘੋਸ਼ ਨਹੀਂ” ਅਧੀਨਗੀ ਜਾਂ ਅਦਿੱਖਤਾ ਦੀ ਭੂਮਿਕਾ ਨੂੰ ਸਵੀਕਾਰ ਕਰਨ ਤੋਂ ਇਨਕਾਰ ਕਰਦੀ ਹੈ। ਹਰਿੰਦਰ ਦਾ ਸੀਰਤ ਨਾਲ ਰਿਸ਼ਤੇ ਵਿਚ ਇਸ ਅਦਿੱਖਤਾ ਅਤੇ ਅਧੀਨਗੀ ਦੇ ਵਿਰੁੱਧ ਸੰਘਰਸ਼ ਹੈ।

ਸਦਮਾ (Trauma) ਗਹਿਰੇ ਦੁੱਖ ਜਾਂ ਪਰੇਸ਼ਾਨ ਕਰਨ ਵਾਲੀਆਂ ਘਟਨਾਵਾਂ ਲਈ ਇਕ ਮਨੋਵਿਗਿਆਨਕ ਅਤੇ ਭਾਵਨਾਤਮਕ ਪ੍ਰਤੀਕ੍ਰਿਆ ਹੈ ਜੋ ਕਿਸੇ ਵਿਅਕਤੀ ਦੀ ਸੁਰੱਖਿਆ ਦੀ ਭਾਵਨਾ ਵਿਚ ਵਿਘਨ ਪਾਉਣ ਅਤੇ ਉਸ ਦੇ ਸਵੈ-ਸੰਕਲਪ ਨੂੰ ਚੁਨੌਤੀ ਦੇਣ ਦੀ ਸਮਰੱਥਾ ਨੂੰ ਦਬਾ ਦਿੰਦੀ ਹੈ। ਇਹ ਇਕੱਲੀਆਂ ਘਟਨਾਵਾਂ ਤੋਂ ਪੈਦਾ ਹੋ ਸਕਦਾ ਹੈ, ਜਿਵੇਂ ਕਿ ਦੁਰਘਟਨਾਵਾਂ, ਹਮਲਾ, ਦੁਰਵਿਵਹਾਰ ਜਾਂ ਅਣਗਹਿਲੀ ਵਰਗੀਆਂ ਮੁਸੀਬਤਾਂ ਦੇ ਲੰਬੇ ਸਮੇਂ ਤੱਕ ਸੰਪਰਕ ਵਿਚ ਆਉਣਾ। ਸਦਮਾ ਅਕਸਰ ਮਨ ਅਤੇ ਸਰੀਰ ’ਤੇ ਸਥਾਈ ਛਾਪ ਛੱਡਦਾ ਹੈ ਜੋ ਪਿਛਲ-ਝਾਤ, ਚਿੰਤਾ, ਭਾਵਨਾਤਮਕ ਸੁੰਨ ਜਾਂ ਅਤਿ ਚੇਤੰਨਤਾ ਵਜੋਂ ਪ੍ਰਗਟ ਹੁੰਦਾ ਹੈ। ਫ਼ਰਾਇਡ ਦਾ ਮਨੋਵਿਸ਼ਲੇਸ਼ਣ ਸਿਧਾਂਤਕ ਢਾਂਚਾ ਸਦਮੇ ਨੂੰ ਮਾਨਸਿਕ ਨਿਰੰਤਰਤਾ ਵਿਚ ਇਕ ਵਿਗਾੜ ਦੇ ਰੂਪ ਵਿਚ ਦੇਖਦਾ ਹੈ, ਜਦੋਂ ਕਿ ਆਧੁਨਿਕ ਪਹੁੰਚ ਜਿਵੇਂ ਕਿ ਸਦਮੇ-ਸੂਚਿਤ ਦੇਖਭਾਲ, ਦਿਮਾਗ਼ ਦੇ ਕਾਰਜ ਅਤੇ ਤਣਾਅ ਦੇ ਢੰਗਾਂ ਵਿਚ ਤਬਦੀਲੀਆਂ ਸਮੇਤ ਸਦਮੇ ਦੇ ਨਿਊਰੋਬਾਇਓਲੋਜੀਕਲ ਪ੍ਰਭਾਵ ’ਤੇ ਜ਼ੋਰ ਦਿੰਦੀ ਹੈ। ਉਪਚਾਰ ਲਈ ਅਕਸਰ ਸੁਰੱਖਿਆ ਦੀ ਭਾਵਨਾ ਨੂੰ ਪੁਨਰ ਗਠਿਤ ਕਰਨ ਅਤੇ ਸਦਮੇ ਵਾਲੇ

ਅਨੁਭਵ ਨੂੰ ਲਚਕੀਲੇਪਣ ਅਤੇ ਰਿਕਵਰੀ ਦੇ ਇਕ ਵਿਆਪਕ ਬਿਰਤਾਂਤ ਵਿਚ ਜੋੜਨ ਦੀ ਲੋੜ ਹੁੰਦੀ ਹੈ।

ਕਹਾਣੀ 'ਮੌਨ ਦੀ ਬਾਬਾ ਦਾਰਾ' ਵਿਚ ਪਾਤਰਾਂ ਦੀਆਂ ਮਨੋਵਿਗਿਆਨਕ ਅਵਸਥਾਵਾਂ ਅਤੇ ਵਿਹਾਰਾਂ ਨੂੰ ਰੂਪ ਦੇਣ ਵਿਚ ਸਦਮਾ (Trauma) ਕੇਂਦਰੀ ਭੂਮਿਕਾ ਨਿਭਾਉਂਦਾ ਹੈ। ਸੁਖਰਾਜ ਦਾ ਜੀਵਨ ਉਸਦੇ ਪਿਤਾ ਜਗੀਰ ਸਿਹੁੰ ਦੇ ਵੈਲਪੁਣੇ ਤੇ ਅਸਧਾਰਨ ਮੌਤ ਦੇ ਆਲੇ ਦੁਆਲੇ ਵਾਪਰੀਆਂ ਦੁਖਦਾਈ ਘਟਨਾਵਾਂ ਨਾਲ ਜੁੜੇ ਸਮਾਜਿਕ ਅਪਮਾਨ ਤੋਂ ਬਹੁਤ ਪ੍ਰਭਾਵਿਤ ਹੋਇਆ ਹੈ। ਇਹਨਾਂ ਭਾਰੀ ਭਾਵਨਾਵਾਂ ਨੂੰ ਕਾਬੂ ਕਰਨ ਵਿਚ ਅਸਮਰਥ ਸੁਖਰਾਜ ਮਾਨਸਿਕ ਤਣਾਅ ਤੋਂ ਬਾਅਦ ਦੇ ਲੱਛਣ ਵਿਕਸਿਤ ਕਰਦਾ ਹੈ ਜੋ ਗੰਭੀਰ ਸੰਵੇਦੀ ਭੁਲੇਖਿਆਂ ਦੇ ਰੂਪ ਵਿਚ ਪ੍ਰਗਟ ਹੁੰਦੇ ਹਨ।

> *"ਟੀ.ਵੀ. ਦੇਖਦਿਆਂ ਜੇ ਸੀਨ 'ਚ ਪਰਾਉਠੇ ਪੱਕਦੇ ਵੇਖਦਾ ਤਾਂ ਮੈਨੂੰ ਖ਼ੁਸ਼ਬੂ ਵੀ ਆਉਣ ਲੱਗਦੀ ਐ,... ... ... ਓਹਦੇ ਜਿਸਮ ਦੀ ਗੰਧ ਸਾਬਨ ਦੀ ਸਮੈੱਲ ਨੂੰ ਦਬਾ ਦਿੰਦੀ ਐ।"* [5]

ਇਹ ਸੰਵੇਦੀ ਉਲਝਣ ਉਸ ਦੀ ਟੁੱਟੀ ਹੋਈ ਮਾਨਸਿਕਤਾ ਅਤੇ ਹਕੀਕਤ ਤੇ ਕਲਪਨਾ ਵਿਚਕਾਰ ਸੀਮਾਵਾਂ ਦੇ ਟੁੱਟਣ ਨੂੰ ਦਰਸਾਉਂਦੀ ਹੈ ਜੋ ਕਿ ਉਸਦੇ ਪਿਤਾ ਦੀ ਅਸਧਾਰਨ ਮੌਤ ਅਤੇ ਬਾਹਰੀ ਸੰਸਾਰ ਤੋਂ ਉਸਦੀ ਆਪਣੀ ਦੂਰੀ ਦੁਆਰਾ ਪੈਦਾ ਹੋਏ ਭਾਵਨਾਤਮਕ ਖ਼ਾਲੀਪਣ ਨੂੰ ਪੂਰਾ ਕਰਨ ਦੀ ਉਸਦੀ ਕੋਸ਼ਿਸ਼ ਦਾ ਪ੍ਰਤੀਕ ਹੈ।

ਇਸੇ ਤਰ੍ਹਾਂ ਦਾਰੇ ਦੀ ਮੌਤ 'ਤੇ ਤਾਰੇ ਦੀ ਪ੍ਰਤੀਕਿਰਿਆ ਉਸ ਦੇ ਸਦਮੇ ਦੇ ਆਪਣੇ ਰੂਪ ਨੂੰ ਪ੍ਰਗਟ ਕਰਦੀ ਹੈ। ਡੇਰਾਵਾਦ ਦੇ ਕਰਮਕਾਂਡਾਂ ਨਾਲ ਗ਼ਲਤਫ਼ਹਿਮੀ ਦੇ ਕਾਰਨ ਦਾਰੇ ਦਾ ਕਤਲ ਤਾਰੇ ਨੂੰ ਭਾਵਨਾਤਮਕ ਤੌਰ 'ਤੇ ਅਧਰੰਗ ਕਰ ਦਿੰਦਾ ਹੈ। ਉਸ ਦਾ ਮਨ ਇਸ ਪਲ ਨੂੰ ਦੁਹਰਾਉਂਦਾ ਹੈ ਅਤੇ 'ਮੌਨ ਦੀ...ਬਾਬਾ...ਦਾਰਾ' ਦੇ ਬੋਲਾਂ ਵਿਚ ਆਪਣਾ ਦੁੱਖ ਪ੍ਰਗਟ ਕਰਦਾ ਹੈ। ਇਹ ਜਨੂਨੀ ਦੁਹਰਾਓ ਦੁਖਦਾਈ ਘਟਨਾ ਤੋਂ ਪਰ੍ਹੇ ਜਾਣ ਦੀ ਅਯੋਗਤਾ ਨੂੰ ਦਰਸਾਉਂਦਾ ਹੈ ਅਤੇ ਤਾਰੇ ਨੂੰ ਸੋਗ ਅਤੇ ਘਾਟੇ ਦੇ ਚੱਕਰ ਵਿਚ ਪ੍ਰਭਾਵਸ਼ਾਲੀ ਢੰਗ ਨਾਲ ਫਸਾਉਂਦਾ ਹੈ। ਜਗੀਰ ਸਿਹੁੰ, ਸੁਖਰਾਜ ਅਤੇ ਤਾਰਾ ਸਦਮੇ ਤੋਂ ਬਾਅਦ ਦੇ ਤਣਾਅ ਦੇ ਲੱਛਣਾਂ ਨੂੰ ਪ੍ਰਦਰਸ਼ਿਤ ਕਰਦੇ ਹਨ, ਜਿੱਥੇ ਉਹਨਾਂ ਦੀਆਂ ਅਣਸੁਲਝੀਆਂ ਭਾਵਨਾਵਾਂ, ਬਦਲੀਆਂ ਧਾਰਨਾਵਾਂ, ਜਨੂਨੀ ਵਿਚਾਰਾਂ ਅਤੇ ਆਪਣੇ ਵਾਤਾਵਰਣ ਤੋਂ ਵਿਛੋੜੇ ਦੁਆਰਾ ਪ੍ਰਗਟ ਹੁੰਦੀਆਂ ਹਨ ਜੋ ਵਿਅਕਤੀਗਤ ਮਾਨਸਿਕਤਾ 'ਤੇ ਸਦਮੇ ਦੇ ਵਿਨਾਸ਼ਕਾਰੀ ਪ੍ਰਭਾਵ ਨੂੰ ਉਜਾਗਰ ਕਰਦੀਆਂ ਹਨ।

ਅੰਤਰ-ਪੀੜ੍ਹੀ ਸਦਮਾ (Intergenerational Trauma) ਤਣਾਅ ਦੇ ਪ੍ਰਸਾਰਨ ਅਤੇ ਇਸਦੇ ਪ੍ਰਭਾਵਾਂ ਨੂੰ ਇਕ ਪੀੜ੍ਹੀ ਤੋਂ ਅਗਲੀ ਪੀੜ੍ਹੀ ਵਿਚ ਦਰਸਾਉਂਦਾ ਹੈ ਜੋ ਅਕਸਰ ਵਿਵਹਾਰਿਕ ਪੈਟਰਨ, ਭਾਵਨਾਤਮਕ ਪ੍ਰਤੀਕ੍ਰਿਆਵਾਂ ਅਤੇ ਪਰਿਵਾਰਾਂ ਦੇ ਅੰਦਰ ਸਮਾਜਿਕ ਗਤੀਸ਼ੀਲਤਾ ਦੁਆਰਾ ਹੁੰਦਾ ਹੈ।

> *ਅੰਤਰ-ਪੀੜ੍ਹੀ ਸਦਮਾ ਇਕ ਅਜਿਹੀ ਪ੍ਰਕਿਰਿਆ ਹੈ ਜਿਸ ਵਿਚ ਇਕ ਭਿਆਨਕ ਘਟਨਾ ਦਾ ਅਨੁਭਵ ਕਰਨ ਵਾਲੇ ਵਿਅਕਤੀ ਦਾ ਵੰਸ਼ ਉਸ ਘਟਨਾ ਪ੍ਰਤੀ ਭਾਵਨਾਤਮਕ ਅਤੇ ਵਿਵਹਾਰਿਕ ਪ੍ਰਤੀਕ੍ਰਿਆਵਾਂ ਦਿਖਾਉਂਦਾ ਹੈ ਜੋ ਉਸ ਵਿਅਕਤੀ ਦੇ ਸਮਾਨ ਹੋ ਸਕਦੀਆਂ ਹਨ ਪਰ ਇਹ ਪ੍ਰਤੀਕ੍ਰਿਆਵਾਂ ਪੀੜ੍ਹੀ-ਦਰ-ਪੀੜ੍ਹੀ ਬਦਲਦੀਆਂ ਹਨ।* [6]

ਇਸ ਤਰ੍ਹਾਂ ਇਹ ਇਕ ਪੀੜ੍ਹੀ ਦੁਆਰਾ ਅਨੁਭਵ ਕੀਤੇ ਅਣਸੁਲਝੇ ਸਦਮੇ ਤੋਂ ਉਤਪੰਨ ਹੁੰਦਾ ਹੈ, ਜਿਵੇਂ ਕਿ ਯੁੱਧ, ਨਸਲਕੁਸ਼ੀ, ਵਿਸਥਾਪਨ ਜਾਂ ਪ੍ਰਣਾਲੀਗਤ ਜ਼ੁਲਮ, ਜੋ ਉਹਨਾਂ ਦੇ ਵੰਸ਼ਾਂ ਦੀ ਮਨੋਵਿਗਿਆਨਕ ਅਤੇ ਭਾਵਨਾਤਮਕ ਸਥਿਤੀ ਨੂੰ ਪ੍ਰਭਾਵਿਤ ਕਰਦੇ ਹਨ। ਅਸਲ ਦੁਖਦਾਈ ਘਟਨਾ ਦੇ ਸਿੱਧੇ ਸੰਪਰਕ ਦੇ ਬਿਨਾਂ ਵੀ ਸਦਮੇ ਤੋਂ ਬਚੇ ਲੋਕਾਂ ਦੇ ਬੱਚੇ ਅਤੇ ਪੋਤੇ-ਪੋਤੀਆਂ ਨੂੰ ਅਨਜਾਣੇ ਵਿਚ ਡਰ, ਦੋਸ਼ ਜਾਂ ਸੋਗ ਦੀਆਂ ਭਾਵਨਾਵਾਂ ਵਿਰਾਸਤ 'ਚ ਪ੍ਰਾਪਤ ਹੋ ਸਕਦੀਆਂ ਹਨ।

ਇਸੇ ਤਰ੍ਹਾਂ ਹੀ ਕਹਾਣੀ 'ਮੌਨ ਦੀ ਬਾਬਾ ਦਾਰਾ' ਵਿਚ ਅੰਤਰ-ਪੀੜ੍ਹੀ ਸਦਮਾ ਇਕ ਕੇਂਦਰੀ ਮਨੋਵਿਸ਼ਲੇਸ਼ਣਾਤਮਕ ਲੈਂਸ ਹੈ ਜਿਸ ਰਾਹੀਂ ਕਹਾਣੀ ਸਾਹਮਣੇ ਆਉਂਦੀ ਹੈ, ਕਿ ਕਿਵੇਂ ਅਣਸੁਲਝੇ ਮਨੋਵਿਗਿਆਨਕ ਜ਼ਖ਼ਮ ਅਤੇ ਸਮਾਜਿਕ ਪਾਪ ਪੀੜ੍ਹੀ ਦਰ ਪੀੜ੍ਹੀ ਪ੍ਰਸਾਰਿਤ ਹੁੰਦੇ ਹਨ। ਕਹਾਣੀ ਸਪਸ਼ਟ ਰੂਪ ਵਿਚ ਦਰਸਾਉਂਦੀ ਹੈ ਕਿ ਕਿਵੇਂ ਜਗੀਰ ਸਿਹੁੰ ਦੀਆਂ ਕਾਰਵਾਈਆਂ ਦੀ ਦੁਖਦਾਈ ਵਿਰਾਸਤ ਸੁਖਰਾਜ ਦੇ ਮਾਨਸਿਕ ਵਿਗਾੜ ਅਤੇ ਸੰਸਾਰ ਨਾਲ ਉਸਦੇ ਵਿਗੜੇ ਰਿਸ਼ਤੇ ਨੂੰ ਆਕਾਰ ਦਿੰਦੀ ਹੈ। ਸੁਖਰਾਜ ਸਮਾਜਿਕ ਨਿਰਣੇ ਦੇ ਪਰਛਾਵੇਂ ਹੇਠ ਵੱਡਾ ਹੁੰਦਾ ਹੈ ਅਤੇ ਆਪਣੇ ਪਿਤਾ ਦੇ ਕੰਮਾਂ ਬਾਰੇ ਸ਼ਰਮ ਅਤੇ ਨੈਤਿਕ ਬੋਝ ਨੂੰ ਅੰਦਰੂਨੀ ਬਣਾਉਂਦਾ ਹੈ ਜੋ ਉਸ ਨੇ ਕਦੇ ਝੱਲਣਾ ਨਹੀਂ ਸੀ। ਇਹ ਵਿਰਾਸਤ ਵਿਚ ਮਿਲਿਆ ਦੋਸ਼ ਅਤੇ ਸਦਮਾ ਇਕ ਗੰਭੀਰ ਮਾਨਸਿਕ ਬਿਮਾਰੀ ਦੇ ਰੂਪ ਵਿਚ ਪ੍ਰਗਟ ਹੁੰਦਾ ਹੈ, ਜਿਸ ਕਾਰਨ ਸੁਖਰਾਜ ਬਾਹਰੀ ਦੁਨੀਆ ਤੋਂ ਪਾਸੇ ਹਟ ਜਾਂਦਾ ਹੈ ਅਤੇ ਸੰਵੇਦੀ ਭਰਮ ਦਾ ਅਨੁਭਵ ਕਰਦਾ ਹੈ। ਇਸ ਤਰ੍ਹਾਂ ਕਹਾਣੀ ਇਸ ਗੱਲ ਦਾ ਮਨੋਵਿਸ਼ਲੇਸ਼ਣਾਤਮਕ ਅਧਿਐਨ ਬਣ ਜਾਂਦੀ ਹੈ ਕਿ ਕਿਵੇਂ ਇਕ ਪੀੜ੍ਹੀ ਦੇ ਪਾਪ ਅਤੇ ਦੁੱਖ ਅਗਲੀ ਪੀੜ੍ਹੀ ਵਿਚ ਦਾਖ਼ਲ ਹੁੰਦੇ ਹਨ, ਪਛਾਣਾਂ, ਰਿਸ਼ਤਿਆਂ ਅਤੇ ਇੱਥੋਂ ਤੱਕ ਕਿ ਇਲਾਜ ਦੀ ਸਮਰੱਥਾ ਨੂੰ ਵੀ ਪ੍ਰਭਾਵਿਤ ਕਰਦੇ ਹਨ।

ਪ੍ਰਤੀਕ (Symbol) ਇਕ ਸਾਹਿਤਕ ਅਤੇ ਮਨੋਵਿਗਿਆਨਕ ਸੰਕਲਪ ਹੈ ਜਿਸ ਵਿਚ ਅਮੂਰਤ ਵਿਚਾਰਾਂ, ਭਾਵਨਾਵਾਂ ਜਾਂ ਸੰਕਲਪਾਂ ਨੂੰ ਉਹਨਾਂ ਦੇ ਸ਼ਾਬਦਿਕ ਅਰਥਾਂ ਤੋਂ ਪਰ੍ਹੇ ਦਰਸਾਉਣ ਲਈ ਵਸਤੂਆਂ, ਪਾਤਰਾਂ, ਕਿਰਿਆਵਾਂ ਅਤੇ ਘਟਨਾਵਾਂ ਦੀ ਵਰਤੋਂ ਸ਼ਾਮਲ ਹੁੰਦੀ ਹੈ। ਮਨੋਵਿਗਿਆਨਕ ਤੌਰ 'ਤੇ ਪ੍ਰਤੀਕ ਅਚੇਤਨ ਨੂੰ ਸਮਝਣ ਦਾ ਅਨਿੱਖੜਵਾਂ ਅੰਗ ਹਨ। ਜਿਵੇਂ ਕਿ ਫ਼ਰਾਇਡ ਅਤੇ ਜੁੰਗ ਦੁਆਰਾ ਸਿਧਾਂਤਕ ਤੌਰ 'ਤੇ ਸਮਝਾਇਆ ਗਿਆ ਹੈ ਕਿ ਪ੍ਰਤੀਕ ਦੱਬੀਆਂ ਹੋਈਆਂ ਇੱਛਾਵਾਂ ਜਾਂ ਅਣਸੁਲਝੇ ਸੰਘਰਸ਼ਾਂ ਨੂੰ ਸੁਪਨਿਆਂ, ਮਿੱਥਾਂ ਅਤੇ ਰੀਤੀ-ਰਿਵਾਜ ਵਿਚ ਪ੍ਰਗਟ ਕਰਦੇ ਹਨ। ਜੁੰਗ ਨੇ ਪ੍ਰਤੀਕਾਂ ਨੂੰ ਸਮੂਹਿਕ ਅਚੇਤਨ ਤੋਂ ਉੱਭਰਦੀਆਂ ਪੁਰਾਤਤਵ ਕਿਸਮਾਂ ਵਜੋਂ ਵੇਖਿਆ ਜੋ ਵਿਸ਼ਵ-ਵਿਆਪੀ ਮਨੁੱਖੀ ਅਨੁਭਵਾਂ ਦੀ ਸਮਝ ਪ੍ਰਦਾਨ ਕਰਦੀਆਂ ਹਨ। ਪ੍ਰਤੀਕ ਚੇਤਨ ਅਤੇ ਅਚੇਤਨ ਮਨ ਨੂੰ ਜੋੜਦੇ ਹਨ। ਇਹ ਸੰਚਾਰ, ਸਵੈ-ਪ੍ਰਗਟਾਵੇ ਤੇ ਸਭਿਆਚਾਰਕ ਪਰੰਪਰਾਵਾਂ ਵਿਚ ਇਕ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ ਅਤੇ ਵਿਅਕਤੀਗਤ ਤੇ ਸਾਂਝੇ ਮਨੁੱਖੀ ਤਜਰਬਿਆਂ ਵਿਚਕਾਰ ਆਪਸੀ ਤਾਲਮੇਲ ਨੂੰ ਦਰਸਾਉਂਦੇ ਹਨ।

ਸੁਖਜੀਤ ਆਪਣੀਆਂ ਕਹਾਣੀਆਂ ਦੇ ਪ੍ਰਤੀਕ ਸਿਰਜਣ ਵਿਚ ਮਾਹਿਰ ਹੈ। ਉਸਦੀ ਚਰਚਿਤ ਕਹਾਣੀ 'ਮੈਂ ਅਯਨਘੋਸ਼ ਨਹੀਂ' ਪ੍ਰਤੀਕਾਂ ਨਾਲ ਭਰਪੂਰ ਹੈ ਜੋ

ਹਰਿੰਦਰ ਦੇ ਅਚੇਤ ਮਨ ਦੀਆਂ ਡੂੰਘੀਆਂ ਪਰਤਾਂ ਅਤੇ ਅੰਦਰੂਨੀ ਕਲੇਸ਼ਾਂ ਨੂੰ ਪ੍ਰਗਟ ਕਰਦੀ ਹੈ। ਜਿਵੇਂ ਕਿ ਦੇਵਦਾਰ ਦਾ ਬੂਟਾ ਜੋ ਉਹ ਪਿੰਡ ਤੋਂ ਆਪਣੇ ਨਾਲ ਲਿਆਉਂਦਾ ਹੈ। ਉਹ ਸਿਰਫ਼ ਇਕ ਬਨਸਪਤਿਕ ਵੇਰਵਾ ਨਹੀਂ ਹੈ ਸਗੋਂ ਆਪਣੀਆਂ ਜੜ੍ਹਾਂ, ਸਭਿਆਚਾਰਕ ਵਿਰਸੇ ਅਤੇ ਇਕ ਸਰਲ ਤੇ ਵਧੇਰੇ ਜ਼ਮੀਨੀ ਅਤੀਤ ਦੀ ਇੱਛਾ ਦੀ ਇਕ ਸ਼ਕਤੀਸ਼ਾਲੀ ਪ੍ਰਤੀਨਿਧਤਾ ਹੈ। ਬੂਟਾ ਉਸ ਆਰਾਮ ਅਤੇ ਸਥਿਰਤਾ ਲਈ ਖੜ੍ਹਾ ਹੈ ਜਿਸਨੂੰ ਉਹ ਆਪਣੀ ਪਰਵਰਿਸ਼ ਨਾਲ ਜੋੜਦਾ ਹੈ ਜੋ ਸੀਰਤ ਦੇ ਨਾਲ ਆਪਣੇ ਮੌਜੂਦਾ ਜੀਵਨ ਵਿਚ ਮਹਿਸੂਸ ਕੀਤੀ ਉਥਲ-ਪੁਥਲ ਅਤੇ ਬੇਗਾਨਗੀ ਦੇ ਬਿਲਕੁਲ ਉਲਟ ਹੈ। ਕਹਾਣੀ ਵਿਚ ਦੇਵਦਾਰ ਦਾ ਬੂਟਾ ਹਰਿੰਦਰ ਦੀਆਂ ਜੜ੍ਹਾਂ ਨਾਲ ਉਸ ਦੇ ਲਗਾਵ ਅਤੇ ਸਭਿਆਚਾਰਕ ਵਿਸਥਾਪਨ ਨਾਲ ਸੰਘਰਸ਼ ਦਾ ਇਕ ਸ਼ਕਤੀਸ਼ਾਲੀ ਪ੍ਰਤੀਕ ਬਣ ਜਾਂਦਾ ਹੈ। ਭਾਰਤੀ ਸੰਸਕ੍ਰਿਤੀ ਵਿਚ ਦੇਵਦਾਰ ਦਾ ਦਰੱਖਤ ਅਕਸਰ ਲੰਬੀ ਉਮਰ, ਅਧਿਆਤਮਿਕਤਾ ਅਤੇ ਜ਼ਮੀਨ ਨਾਲ ਸੰਬੰਧ ਨੂੰ ਦਰਸਾਉਂਦਾ ਹੈ। ਬੂਟੇ ਨੂੰ ਪੁੱਟ ਕੇ ਹਰਿੰਦਰ ਪ੍ਰਤੀਕਾਤਮਿਕ ਤੌਰ 'ਤੇ ਆਪਣੇ ਅਤੀਤ ਨਾਲ ਆਪਣੇ ਸੰਬੰਧਾਂ ਨੂੰ ਤੋੜਦਾ ਹੈ ਅਤੇ ਆਪਣੇ ਸ਼ਹਿਰੀ ਜੀਵਨ ਦੀ ਹਕੀਕਤ ਨਾਲ ਆਪਣੇ ਸੰਬੰਧਾਂ ਦੀ ਭਾਵਨਾ ਨੂੰ ਜੋੜਨ ਦੀ ਕੋਸ਼ਿਸ਼ ਕਰਦਾ ਹੈ। ਪਰ ਦੂਸਰੀ ਵਾਰ ਬੂਟੇ ਨੂੰ ਪੁੱਟਣਾ ਉਸਦੀ ਅੰਦਰੂਨੀ ਉਥਲ-ਪੁਥਲ, ਪੇਂਡੂ ਪਛਾਣ ਅਤੇ ਮੌਜੂਦਾ ਸਥਿਤੀ ਵਿਚ ਇਕ ਨਿਸ਼ਚਤ ਚੋਣ ਕਰਨ ਦੀ ਇੱਛਾ ਨੂੰ ਦਰਸਾਉਂਦਾ ਹੈ।

*"ਬਾਹਰ ਆ, ਲਾਅਨ ਵਿੱਚੋਂ ਕਹੀ ਨਾਲ ਦੇਵਦਾਰ ਦਾ ਬੂਟਾ ਪੁੱਟ, ਬੋਰੀ ਵਿੱਚ ਲਪੇਟ, ਪਿੰਡ ਨੂੰ ਤੁਰ ਪੈਂਦਾ ਹਾਂ।"*[7]

ਉਸ ਦੀਆਂ ਜੜ੍ਹਾਂ ਅਤੇ ਨਿੱਜੀ ਕਦਰਾਂ-ਕੀਮਤਾਂ ਦੇ ਪ੍ਰਤੀਕ ਦੇਵਦਾਰ ਦੇ ਬੂਟੇ ਨਾਲ ਆਪਣੇ ਪਿੰਡ ਵਾਪਸ ਜਾਣ ਦਾ ਫ਼ੈਸਲਾ ਸਵੈ-ਸਵੀਕਾਰਤਾ ਵੱਲ ਵਧਣ ਦਾ ਸੁਝਾਅ ਦਿੰਦਾ ਹੈ। ਇਹ ਉਸਦੀ ਟੁੱਟੀ ਹੋਈ ਮਾਨਸਿਕਤਾ ਨੂੰ ਠੀਕ ਕਰਨ ਵੱਲ ਇਕ ਕਦਮ ਹੈ, ਜਿੱਥੇ ਉਹ ਅੰਤ ਵਿਚ ਸੀਰਤ, ਸਲਾਹਕਾਰ ਜਾਂ ਸਮਾਜਿਕ ਉਮੀਦਾਂ ਦੁਆਰਾ ਲਗਾਏ ਗਏ ਮਾਪਦੰਡਾਂ ਤੋਂ ਬਾਹਰ ਆਪਣੇ ਸਵੈ-ਮੁੱਲ ਨੂੰ ਮੁੜ ਪਰਿਭਾਸ਼ਿਤ ਕਰਨ ਦੀ ਕੋਸ਼ਿਸ਼ ਕਰਦਾ ਹੈ। ਆਪਣੇ ਭਾਵਨਾਤਮਕ ਵਿਸਫੋਟ ਤੋਂ ਬਾਅਦ ਹਰਿੰਦਰ ਜੋ ਪਹਿਰਾਵਾ ਪਹਿਨਦਾ ਹੈ, ਉਹ ਵੀ ਪਰਿਵਰਤਨ ਦੀ ਇੱਛਾ ਦਾ ਪ੍ਰਤੀਕ ਹੈ। ਸ਼ਾਇਦ ਇਹ ਉਸ ਦੇ ਕਮਜ਼ੋਰ ਤੇ ਜ਼ਖ਼ਮੀ ਸਵੈ ਨੂੰ ਤਿਆਗਣ ਅਤੇ ਉਸ ਵਿਅਕਤੀ ਨੂੰ ਅਪਣਾਉਣ ਦੀ ਕੋਸ਼ਿਸ਼ ਹੈ ਜਿਸ ਨੂੰ ਉਹ ਸਤਿਕਾਰ ਅਤੇ ਪ੍ਰਸ਼ੰਸਾ ਦੇ ਵਧੇਰੇ ਯੋਗ ਸਮਝਦਾ ਹੈ।

ਹਾਲਾਂਕਿ ਕਹਾਣੀ ਵਿਚ ਸਪਸ਼ਟ ਸੁਪਨੇ ਨਹੀਂ ਦਰਸਾਏ ਗਏ ਪਰ ਹਰਿੰਦਰ ਦੇ ਵਿਚਾਰ ਅਤੇ ਕਲਪਨਾ ਉਸਦੇ ਅਵਚੇਤਨ ਮਨ ਵਿਚ ਖਿੜਕੀਆਂ ਵਾਂਗ ਕੰਮ ਕਰਦੇ ਹੋਏ ਇਕ ਸਮਾਨ ਕਾਰਜ ਕਰਦੇ ਹਨ। ਸੀਰਤ ਉੱਤੇ ਹਾਵੀ ਜਾਂ ਨਿਯੰਤਰਿਤ ਕਰਨ ਬਾਰੇ ਉਸਦੇ ਹਿੰਸਕ ਵਿਚਾਰ ਅਤੇ ਕਲਪਨਾ ਡੂੰਘੀਆਂ ਚਿੰਤਾਵਾਂ ਅਤੇ ਦੱਬੀਆਂ ਹੋਈਆਂ ਇੱਛਾਵਾਂ ਨੂੰ ਦਰਸਾਉਂਦੀਆਂ ਹਨ। ਇਹ ਕਲਪਨਾ ਸੁਪਨ-ਦ੍ਰਿਸ਼ਾਂ ਵਾਂਗ ਅਧਿਕਾਰ ਮੁੜ ਪ੍ਰਾਪਤ ਕਰਨ ਅਤੇ ਉਸਦੀ ਅਯੋਗਤਾ ਅਤੇ ਈਰਖਾ ਦੀਆਂ ਭਾਵਨਾਵਾਂ ਦੁਆਰਾ ਲਗਾਏ ਗਏ ਜ਼ਖ਼ਮਾਂ ਨੂੰ ਭਰਨ ਦੀ ਉਸਦੀ ਅਚੇਤ ਇੱਛਾ ਦਾ ਪ੍ਰਗਟਾਵਾ ਹਨ। ਇਹਨਾਂ ਪਲਾਂ ਦੀ ਕਲਪਨਾ ਇਕ ਸੁਪਨੇ ਵਰਗੇ ਉਦੇਸ਼ ਦੀ ਪੂਰਤੀ ਕਰਦੀ ਹੈ ਜੋ ਉਹਨਾਂ ਡਰਾਂ ਅਤੇ ਅਣਸੁਲਝੇ ਹੋਏ ਭਾਵਨਾਤਮਕ ਟਕਰਾਵਾਂ ਨੂੰ ਪ੍ਰਗਟ ਕਰਦੀ ਹੈ ਜਿਨ੍ਹਾਂ ਨੂੰ ਉਹ ਆਪਣੇ ਸੁਚੇਤ ਜੀਵਨ ਵਿਚ ਬਿਆਨ ਨਹੀਂ ਕਰ ਸਕਦਾ। ਇਸ ਤਰ੍ਹਾਂ ਬਿਰਤਾਂਤ ਇਹਨਾਂ ਪ੍ਰਤੀਕਾਤਮਿਕ ਤੱਤਾਂ ਨੂੰ ਇਹ ਉਜਾਗਰ ਕਰਨ ਲਈ ਵਰਤਦਾ ਹੈ ਕਿ ਕਿਵੇਂ ਉਸਦੀ ਮਾਨਸਿਕਤਾ ਨੂੰ ਉਹਨਾਂ ਤਾਕਤਾਂ ਦੁਆਰਾ ਆਕਾਰ ਦਿੱਤਾ ਜਾਂਦਾ ਹੈ ਜਿਨ੍ਹਾਂ ਨੂੰ ਉਹ ਸਮਝਣ ਜਾਂ ਕੰਟਰੋਲ ਕਰਨ ਲਈ ਸੰਘਰਸ਼ ਕਰਦਾ ਹੈ।

ਕਹਾਣੀ 'ਮੌਨ ਦੀ ਬਾਬਾ ਦਾਰਾ' ਵਿਚਲਾ ਵਾਕਾਂਸ਼ 'ਤਿਤਰਲਾਟਮਾਤਾ' ਜਗੀਰ ਸਿਹੁੰ ਦੀ ਖੰਡਿਤ ਮਾਨਸਿਕਤਾ ਨੂੰ ਗ੍ਰਹਿਣ ਕਰਦਾ ਹੈ ਅਤੇ ਉਸ ਦੇ ਅੰਦਰੂਨੀ ਟਕਰਾਅ ਅਤੇ ਅਧੂਰੀ ਤਾਂਘ ਦੀ ਅਲੰਕਾਰਿਕ ਪ੍ਰਤੀਨਿਧਤਾ ਵਜੋਂ ਕੰਮ ਕਰਦਾ ਹੈ। ਤਿੱਤਰ ਪਰੰਪਰਾਗਤ ਤੌਰ 'ਤੇ ਅਪ੍ਰਾਪਤ ਇੱਛਾ ਦਾ ਪ੍ਰਤੀਕ ਹੈ, ਜਗੀਰ ਸਿਹੁੰ ਦੇ ਮਾਤਾ ਪ੍ਰਤੀ ਜਨੂਨ ਨੂੰ ਦਰਸਾਉਂਦਾ ਹੈ ਜੋ ਉਸ ਦੇ ਨਿਯੰਤਰਨ ਤੋਂ ਬਾਹਰ ਹੈ। ਹਾਲਾਂਕਿ ਤਿੱਤਰ ਸ਼ਿਕਾਰੀਆਂ ਦੇ ਸ਼ਿਕਾਰ ਦਾ ਪ੍ਰਤੀਕ ਵੀ ਹੋ ਸਕਦਾ ਹੈ ਜੋ ਇਸ ਸਮਾਜ ਵਿਚ ਔਰਤ ਦੇ ਵਸਤੂਕਰਨ ਅਤੇ ਪੀੜਤ ਹੋਣ ਦਾ ਸੰਕੇਤ ਦਿੰਦਾ ਹੈ। ਲਾਟ ਵਿਨਾਸ਼ਕਾਰੀ ਅਤੇ ਬਗ਼ਾਵਤੀ ਇੱਛਾ ਨੂੰ ਦਰਸਾਉਂਦੀ ਹੈ। ਸ਼ੁਰੂ ਵਿਚ ਇਹ ਜਗੀਰ ਸਿਹੁੰ ਦੇ ਖਪਤ ਦੇ ਜਨੂਨ ਨੂੰ ਦਰਸਾਉਂਦੀ ਹੈ ਅਤੇ ਵਿਕਸਤ ਇਹ ਮਾਤਾ ਦੇ ਪ੍ਰਤੀਰੋਧ ਦੇ ਪ੍ਰਤੀਕ ਵਿਚ ਹੁੰਦੀ ਹੈ। ਇਹ ਜਗੀਰ ਸਿਹੁੰ ਦੇ ਜਨੂਨ ਨੂੰ ਉਸਦੇ ਅੰਤ ਵਿਚ ਬਦਲ ਦਿੰਦੀ ਹੈ। ਸਮਾਧ ਵਾਲੀ ਮਾਤਾ ਪੁਰਖੀ ਨਿਯੰਤਰਨ ਦੇ ਇਕ ਸਾਧਨ ਦਾ ਪ੍ਰਤੀਕ ਹੈ, ਜਿੱਥੇ ਉਸਨੂੰ ਉਸਦੀ ਮਨੁੱਖਤਾ ਅਤੇ ਜੜ੍ਹਾਂ ਤੋਂ ਪੁੱਟਿਆ ਗਿਆ ਹੈ। ਉਸਦੀ ਵਿਅਕਤਿਤਵ ਨੂੰ ਦਬਾਉਣ ਲਈ ਇਕ ਮੰਦਰ 'ਚ ਰੱਖਿਆ ਗਿਆ ਹੈ। ਹਾਲਾਂਕਿ ਉਹ ਜਗੀਰ ਸਿਹੁੰ ਨੂੰ ਉਸ ਤੱਕ ਪਹੁੰਚ ਕਰਨ ਤੋਂ ਇਨਕਾਰ ਕਰਦੀ ਹੈ ਤੇ ਆਪਣੀ ਮਾਤਾ ਵਾਲੀ ਸਥਿਤੀ ਵਿਚ ਵੀ ਉਸ ਉੱਤੇ ਸ਼ਕਤੀ ਦੇ ਇਕ ਰੂਪ ਦਾ ਦਾਅਵਾ ਕਰਦੀ ਹੈ। ਇਹ ਪਰਿਵਰਤਨ ਪਿੱਤਰਸੱਤਾ ਦੇ ਪ੍ਰਤੀ ਵਿਰੋਧ ਨੂੰ ਵੀ ਦਰਸਾਉਂਦਾ ਹੈ। ਜਗੀਰ ਸਿਹੁੰ ਲਈ ਉਹ ਅਪ੍ਰਾਪਤ ਇੱਛਾ ਅਤੇ ਉਸਦੇ ਦੋਸ਼ ਦੇ ਨਤੀਜਿਆਂ ਨੂੰ ਦਰਸਾਉਂਦੀ ਹੈ। ਉਸਦਾ ਉਸ ਤੋਂ ਇਨਕਾਰ ਕਰਨਾ ਉਸਦੀ ਅੰਤਿਮ ਬਗ਼ਾਵਤ ਹੈ, ਉਸਦੇ ਪਿਆਰ ਨੂੰ ਤਸੀਹੇ ਵਿਚ ਬਦਲਣਾ ਹੈ ਅਤੇ ਉਸਨੂੰ ਉਸਦੇ ਨਿਯੰਤਰਨ ਦੀਆਂ ਸੀਮਾਵਾਂ ਦਾ ਸਾਹਮਣਾ ਕਰਨ ਲਈ ਮਜਬੂਰ ਕਰਨਾ ਹੈ। ਬਿਰਤਾਂਤ ਵਿਚ 'ਤਿਤਰਲਾਟਮਾਤਾ' ਦਾ ਖੰਡਿਤ ਦੁਹਰਾਓ ਜਾਗੀਰ ਸਿਹੁੰ ਅਤੇ ਸੁਖਰਾਜ ਦੇ ਵੰਸ਼ ਨੂੰ ਅਣਸੁਲਝੇ ਸਦਮੇ ਅਨੁਸਾਰ ਦਰਸਾਉਂਦਾ ਹੈ।

ਸੋਹਣੀ-ਮਹੀਂਵਾਲ ਦੀ ਪੇਂਟਿੰਗ ਸੁਖਰਾਜ ਲਈ ਮਨੋਵਿਗਿਆਨਕ ਪੇਸ਼ਕਾਰੀ ਵਜੋਂ ਕੰਮ ਕਰਦੀ ਹੈ ਅਤੇ ਪਿਆਰ, ਵਿਸ਼ਵਾਸਘਾਤ ਤੇ ਦੁਖਾਂਤ ਵਿਚਕਾਰ ਤਣਾਅ ਨੂੰ ਦਰਸਾਉਂਦੀ ਹੈ। ਮੂਲ ਲੋਕ-ਕਥਾ ਵਿਚ ਸਮਾਜਿਕ ਨਿਯਮਾਂ ਪ੍ਰਤੀ ਸੋਹਣੀ ਦਾ ਵਿਰੋਧ ਉਸਦੀ ਮੌਤ ਵੱਲ ਲੈ ਜਾਂਦਾ ਹੈ, ਉਹ ਇਕ ਤ੍ਰਾਸਦੀ ਦੀ ਨਾਇਕਾ ਬਣ ਜਾਂਦੀ ਹੈ ਜੋ ਪਿਤਾ-ਪੁਰਖੀ ਬੰਦਸ਼ਾਂ ਨੂੰ ਟਾਲਣ ਲਈ ਅੰਤਿਮ ਕੀਮਤ ਅਦਾ ਕਰਦੀ ਹੈ। ਸੁਖਰਾਜ ਲਈ ਇਹ ਪੇਂਟਿੰਗ ਉਸਦੇ ਪਿਤਾ ਦੇ ਅਪਰਾਧਾਂ ਅਤੇ ਉਹਨਾਂ ਦੇ ਵਿਨਾਸ਼ਕਾਰੀ ਨਤੀਜਿਆਂ ਦਾ ਇਕ ਭਿਆਨਕ ਪ੍ਰਤੀਕ ਬਣ ਜਾਂਦੀ ਹੈ। ਪੇਂਟਿੰਗ ਸੁਖਰਾਜ ਨੂੰ ਪਰੇਸ਼ਾਨ ਕਰਦੀ ਹੈ ਕਿਉਂਕਿ ਇਹ ਮੰਦਰ ਵਾਲੀ ਮਾਤਾ ਦੀ ਕਹਾਣੀ ਨੂੰ ਦਰਸਾਉਂਦੀ ਹੈ। ਸੋਹਣੀ ਵਾਂਗ ਮਾਤਾ ਪਿਆਰ, ਵਿਸ਼ਵਾਸਘਾਤ ਅਤੇ ਸਮਾਜਿਕ ਸ਼ਕਤੀਆਂ ਦੇ ਜਾਲ ਵਿਚ ਫਸ ਗਈ ਸੀ ਜੋ ਉਸਦੇ ਕਾਬੂ ਤੋਂ ਬਾਹਰ ਸੀ। ਸੋਹਣੀ ਨੂੰ ਡੋਬਣ ਵਾਲਾ ਝਨਾਂਅ, ਜਗੀਰ ਸਿਹੁੰ ਨੂੰ ਭਸਮ ਕਰਨ ਵਾਲੀਆਂ ਲਾਟਾਂ ਦੇ ਸਮਾਨੰਤਰ ਹੈ, ਦੋਵੇਂ ਵਿਨਾਸ਼ਕਾਰੀ ਜਨੂਨ ਅਤੇ ਚੁਨੌਤੀਪੂਰਨ ਸਮਾਜਿਕ ਨਿਯਮਾਂ ਦੇ ਅਟੱਲ ਨਤੀਜਿਆਂ ਨੂੰ ਦਰਸਾਉਂਦੇ ਹਨ। ਸੁਖਰਾਜ ਦੀ ਇਹਨਾਂ ਚਿੱਤਰਾਂ ਨੂੰ ਆਪਣੀ ਵਰਤਮਾਨ ਹਕੀਕਤ ਨਾਲ ਮੇਲ ਕਰਨ ਵਿਚ ਅਸਮਰਥਾ ਉਸਦੇ

ਵਿਰਾਸਤੀ ਸਦਮੇ ਨੂੰ ਦਰਸਾਉਂਦੀ ਹੈ, ਜਿੱਥੇ ਪਿਛਲੀਆਂ ਪੀੜ੍ਹੀਆਂ ਦਾ ਅਣਸੁਲਝਿਆ ਦਰਦ ਉਸਦੀ ਟੁੱਟੀ ਹੋਈ ਮਾਨਸਿਕਤਾ ਵਿਚ ਪ੍ਰਗਟ ਹੁੰਦਾ ਹੈ।

ਇਸ ਤੋਂ ਇਲਾਵਾ ਪੇਂਟਿੰਗ ਹਿੰਸਾ ਅਤੇ ਜ਼ੁਲਮ ਦੇ ਅੰਤਰ-ਪੀੜ੍ਹੀ ਚੱਕਰ ਤੋਂ ਮੁਕਤ ਹੋਣ ਦੀ ਅਸਫਲਤਾ ਨੂੰ ਦਰਸਾਉਂਦੀ ਹੈ। ਪੇਂਟਿੰਗ ਨਾਲ ਜੁੜੇ ਸੁਖਰਾਜ ਦੇ ਸੰਵੇਦੀ ਭਰਮ ਦਰਸਾਉਂਦੇ ਹਨ ਕਿ ਅਤੀਤ ਉਸ ਦੇ ਵਰਤਮਾਨ ਵਿਚ ਕਿੰਨੀ ਡੂੰਘਾਈ ਨਾਲ ਘੁਸਪੈਠ ਕਰਦਾ ਹੈ, ਅਸਲੀਅਤ ਅਤੇ ਭਰਮ ਨੂੰ ਮਿਲਾਉਂਦਾ ਹੈ। ਇਹਨਾਂ ਅਰਥਾਂ ਵਿਚ ਪੇਂਟਿੰਗ ਸਿਰਫ਼ ਨਿੱਜੀ ਦੁਖਾਂਤ ਦਾ ਪ੍ਰਤੀਕ ਨਹੀਂ ਹੈ ਸਗੋਂ ਇਸ ਗੱਲ 'ਤੇ ਵੀ ਵਿਆਪਕ ਟਿੱਪਣੀ ਹੈ ਕਿ ਕਿਵੇਂ ਨਾ ਭਰੇ ਸਮਾਜਿਕ ਅਤੇ ਪਰਿਵਾਰਕ ਜ਼ਖ਼ਮ ਦੁੱਖਾਂ ਨੂੰ ਸਥਾਈ ਰੱਖਦੇ ਹਨ।

ਕਹਾਣੀ 'ਮੱਥੇ ਦੇ ਵਲ' ਦਾ ਸਿਰਲੇਖ ਭੌਤਿਕ ਵਿਸ਼ੇਸ਼ਤਾ ਤੋਂ ਵੱਧ ਅੰਦਰੂਨੀ ਟਕਰਾਅ ਅਤੇ ਮਾਨਸਿਕ ਤਣਾਅ ਲਈ ਇਕ ਅਲੰਕਾਰ ਵਜੋਂ ਕੰਮ ਕਰਦਾ ਹੈ। ਬਿਰਤਾਂਤਕਾਰ ਦੀ ਮਨੋਵਿਗਿਆਨਕ ਸਥਿਤੀ ਦੇ ਅਧਾਰ 'ਤੇ ਮੱਥੇ ਦੇ ਵਲ਼ ਦਿਖਾਈ ਦਿੰਦੇ ਹਨ ਅਤੇ ਅਲੋਪ ਹੋ ਜਾਂਦੇ ਹਨ। ਜਦੋਂ ਬਿਰਤਾਂਤਕਾਰ ਰੂਸੀ ਕੁੜੀ ਨੂੰ ਵੇਖਦਾ ਹੈ ਤਾਂ ਵਲ਼ਾਂ ਦਾ ਮੁੜ ਪ੍ਰਗਟ ਹੋਣਾ ਦਮਨ ਵਾਲੀਆਂ ਯਾਦਾਂ ਅਤੇ ਅਣਸੁਲਝੇ ਦੋਸ਼ਾਂ ਦੇ ਪੁਨਰ-ਉਭਾਰ ਨੂੰ ਦਰਸਾਉਂਦਾ ਹੈ। ਜਦੋਂ ਉਹ ਆਪਣੇ ਦੋਸਤ ਦੇ ਸੁਖਾਵੇਂ ਵਿਵਹਾਰ ਵਿਚ ਸ਼ਾਮਲ ਹੁੰਦਾ ਹੈ ਤਾਂ ਵਲ਼ਾਂ ਦੀ ਅਣਹੋਂਦ ਉਸਦੇ ਡੂੰਘੇ ਵਿਚਾਰਧਾਰਕ ਸੰਘਰਸ਼ਾਂ ਤੋਂ ਅਸਥਾਈ ਨਿਰਲੇਪਤਾ ਨੂੰ ਦਰਸਾਉਂਦੀ ਹੈ। ਰੂਸ ਗੁਆਚੇ ਆਦਰਸ਼ਾਂ ਅਤੇ ਖੰਡਿਤ ਪਛਾਣ ਦਾ ਪ੍ਰਤੀਕ ਹੈ। ਇਹ ਕਮਿਊਨਿਜ਼ਮ ਲਈ ਨੋਸਟਾਲਜੀਆ ਦਾ ਰੂਪ ਧਾਰਨ ਕਰ ਚੁੱਕਾ ਹੈ। ਬਿਰਤਾਂਤਕਾਰ ਦੇ ਕਹਿਣ ਮੁਤਾਬਕ ਕਿ "ਰੂਸ ਨਹੀਂ ਟੁੱਟਿਆ" ਇਨਕਾਰ ਅਤੇ ਉਸਦੀ ਵਿਚਾਰਧਾਰਕ ਬੁਨਿਆਦ ਦੀ ਅਸਫਲਤਾ ਨਾਲ ਮੇਲ ਕਰਨ ਦੀ ਅਸਮਰਥਾ ਨੂੰ ਦਰਸਾਉਂਦਾ ਹੈ। ਇਹ ਨਿਰਾਸ਼ਾ ਦੇ ਭਾਵਨਾਤਮਕ ਦਰਦ ਤੋਂ ਆਪਣੇ ਆਪ ਨੂੰ ਬਚਾਉਣ ਦੀ ਉਸਦੀ ਲੋੜ ਨੂੰ ਦਰਸਾਉਂਦਾ ਹੈ। ਰੂਸੀ ਕੁੜੀ ਨਾਲ ਬਿਰਤਾਂਤਕਾਰ ਦੇ ਭਾਵਨਾਤਮਕ ਸੰਬੰਧ ਰੂਸ ਨਾਲ ਡੂੰਘੇ ਨਿੱਜੀ ਸੰਬੰਧ, ਰੋਮਾਂਟਿਕ ਅਤੇ ਵਿਚਾਰਧਾਰਕ ਬੰਧਨ ਵਜੋਂ ਵੇਖੇ ਜਾ ਸਕਦੇ ਹਨ।

ਸੁਖਜੀਤ ਦੀਆਂ ਕਹਾਣੀਆਂ ਦਾ ਮਨੋਵਿਸ਼ਲੇਸ਼ਣਾਤਮਕ ਅਧਿਐਨ ਵਿਅਕਤੀਗਤ ਪਾਤਰਾਂ ਅਤੇ ਬਿਰਤਾਂਤਾਂ ਤੋਂ ਅਗਾਂਹ ਮਨੁੱਖੀ ਹੋਂਦ ਨੂੰ ਆਕਾਰ ਦੇਣ ਵਾਲੇ ਵਿਸ਼ਾਲ ਸਮਾਜਿਕ, ਸਭਿਆਚਾਰਕ ਅਤੇ ਮਨੋਵਿਗਿਆਨਕ ਢਾਂਚੇ ਵਿਚ ਗਹਿਨ ਅੰਤਰਦ੍ਰਿਸ਼ਟੀ ਪ੍ਰਦਾਨ ਕਰਦਾ ਹੈ। ਆਪਣੇ ਮੂਲ ਰੂਪ ਵਿਚ ਇਹ ਅਧਿਐਨ ਅਚੇਤਨ ਪ੍ਰਕਿਰਿਆਵਾਂ ਦੀ ਵਿਆਪਕਤਾ ਨੂੰ ਸਾਹਮਣੇ ਲਿਆਉਂਦਾ ਹੈ। ਇਹ ਦਰਸਾਉਂਦਾ ਹੈ ਕਿ ਦਮਿਤ ਇੱਛਾਵਾਂ, ਡਰ ਅਤੇ ਸਦਮੇ ਸਿਰਫ਼ ਵਿਅਕਤੀਗਤ ਵਰਤਾਰੇ ਹੀ ਨਹੀਂ ਹਨ ਸਗੋਂ ਸਭਿਆਚਾਰਾਂ ਅਤੇ ਭਾਈਚਾਰਿਆਂ ਵਿਚ ਸਾਂਝੇ ਕੀਤੇ ਗਏ ਸਮੂਹਿਕ ਅਨੁਭਵ ਹਨ। ਸੁਖਜੀਤ ਦੀਆਂ ਕਹਾਣੀਆਂ ਪਰੰਪਰਾ ਅਤੇ ਆਧੁਨਿਕਤਾ ਵਿਚਕਾਰ ਤਣਾਅ ਨੂੰ ਵੀ ਉਜਾਗਰ ਕਰਦੀਆਂ ਹਨ। ਇਹ ਦਰਸਾਉਂਦੀਆਂ ਹਨ ਕਿ ਕਿਵੇਂ ਸਭਿਆਚਾਰਕ ਅਤੇ ਸਮਾਜਿਕ ਉਮੀਦਾਂ ਆਂਤਰਿਕ ਟਕਰਾਅ ਬਣ ਸਕਦੀਆਂ ਹਨ ਜੋ ਵਿਅਕਤੀਗਤ ਪਛਾਣ ਅਤੇ ਵਿਵਹਾਰ ਨੂੰ ਪ੍ਰਭਾਵਿਤ ਕਰਦੀਆਂ ਹਨ। ਇਹ ਮਨੋਵਿਸ਼ਲੇਸ਼ਣਾਤਮਕ ਪਹੁੰਚ ਮਨੁੱਖੀ ਵਿਵਹਾਰ ਨੂੰ ਸਮਝਣ ਵਿਚ ਪ੍ਰਤੀਕਾਤਮਿਕ ਅਤੇ ਮਿਥਿਹਾਸਿਕ ਮਾਪਾਂ ਦੀ ਮਹੱਤਤਾ 'ਤੇ ਜ਼ੋਰ ਦਿੰਦੀ ਹੈ। ਇਹਨਾਂ ਕਹਾਣੀਆਂ ਦਾ ਮਨੋਵਿਸ਼ਲੇਸ਼ਣਾਤਮਕ ਅਧਿਐਨ ਕਰਕੇ ਅਸੀਂ ਨਾ ਸਿਰਫ਼ ਸੁਖਜੀਤ ਦੀਆਂ ਰਚਨਾ ਵਿਚ ਸ਼ਾਮਲ ਮਨੋਵਿਗਿਆਨਕ ਸਚਾਈਆਂ ਨੂੰ ਉਜਾਗਰ ਕਰ ਰਹੇ ਹਾਂ ਸਗੋਂ ਮਨੁੱਖੀ ਸਥਿਤੀ ਦੀ ਇਕ ਵਧੇਰੇ ਸੂਖਮ ਸਮਝ ਨੂੰ ਵੀ ਉਤਸ਼ਾਹਿਤ ਕਰ ਰਹੇ ਹਾਂ, ਕਿਉਂਕਿ ਇਹ ਖ਼ਾਸ ਸਭਿਆਚਾਰਕ ਅਤੇ ਇਤਿਹਾਸਕ ਸੰਦਰਭਾਂ ਵਿਚ ਪ੍ਰਗਟ ਹੁੰਦੀ ਹੈ।

## *ਹਵਾਲੇ ਅਤੇ ਟਿੱਪਣੀਆਂ*


1. *ਨੇਕੀ, ਜਸਵੰਤ ਸਿੰਘ (2012), ਮੁਖ ਸ਼ਬਦ -ਅਚੇਤਨ ਦੀ ਲੀਲ੍ਹਾ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।*
2. *ਆਗਿਆਜੀਤ ਸਿੰਘ (1994), ਅਸਾਧਾਰਣ ਮਨੋਵਿਗਿਆਨ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਪੰਨਾ: 217*
3. *ਸੁਖਜੀਤ (2023), ਮੈਂ ਅਯਨਘੋਸ਼ ਨਹੀਂ, ਚੇਤਨਾ ਪ੍ਰਕਾਸ਼ਨ, ਲੁਧਿਆਣਾ, ਪੰਨਾ: 41*
4. *-ਓਹੀ-, ਪੰਨੇ: 75-76*
5. *-ਓਹੀ-, ਪੰਨਾ: 75*
6. *APA Dictionary of Psychology (Ed. II) (2007), American Psychological Association, Washington DC, P. 551*
7. *ਸੁਖਜੀਤ (2023), ਮੈਂ ਅਯਨਘੋਸ਼ ਨਹੀਂ, ਚੇਤਨਾ ਪ੍ਰਕਾਸ਼ਨ, ਲੁਧਿਆਣਾ, ਪੰਨਾ: 63*



*Cite this Article-*

*ਗੁਰਪ੍ਰੀਤ ਸਿੰਘ (Gurpreet Singh) ਸੁਖਜੀਤ ਦਾ ਕਹਾਣੀ-ਸੰਗ੍ਰਹਿ 'ਮੈਂ ਅਯਨਘੋਸ਼ ਨਹੀਂ': ਮਨੋਵਿਸ਼ਲੇਸ਼ਣਾਤਮਕ ਅਧਿਐਨ (Sukhjit Da Kahani-Sangreh 'Main Aynghosh Nahi': Manovishleshnatmak Adhiyan), ਅਰਮਾਨ (ARMAAN), ISSN: 2583-9446 (O), Volume 3, Issue 4, October-December2025, Page: 01-07.*

*Journal URL: www.armaan.org.in*

*DOI: https://doi.org/10.64119/armaan.vol.3.issue4.01*



*This article is an open access article published under the terms and conditions of the Creative Commons Attribution (CC BY-NC 4.0) license.* https://creativecommons.org/licenses/by-nc/4.0/